



ਹੱਕ ਸੱਚ ਦੀ ਆਵਾਜ਼

# ਫਤਿਹ ਟਾਈਮਜ਼

ਰੋਜ਼ਾਨਾ ਡਿਜੀਟਲ ਐਡੀਸ਼ਨ

ONLINE NEWS AND MEDIA COMPANY (REGD) Govt of India

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਿਹ ।।





ਮੁੱਖ ਸੰਪਾਦਕ
ਸਰਬਜੋਤ ਸਿੰਘ ਖਾਲਸਾ

ਮੁੱਖ ਸੰਪਾਦਕ ਸਰਬਜੋਤ ਸਿੰਘ ਖਾਲਸਾ | www.fatehtimesmedia.com | Email- fatehtimes1699@gmail.com

ਰਜਿ ਨੰ : ਪੀ ਬੀ 22000167 | ਫਤਿਹਾਬਾਦ , ਸ਼ਨਿੱਚਰਵਾਰ 25 ਮਈ 2024 ਨਾਨਕਸ਼ਾਹੀ 12 ਜੇਠ , ਸੰਮਤ 556 | ਸਾਲ: 3 , ਅੰਕ: 154, ਪੰਨੇ: 4


## 3 ਹੋਟਲ ਉਡਾਉਣ ਦੀ ਧਮਕੀ

ਫਤਿਹ ਟਾਈਮਜ਼

ਬੇਂਗਲੁਰੂ, 24 ਮਈ : ਸ਼ਹਿਰ ਦੇ ਪੰਜ ਤਾਰਾ 3 ਹੋਟਲਾਂ ਨੂੰ ਬੰਬ ਨਾਲ ਉਡਾਉਣ ਦੀ ਈਮੇਲ ਰਾਹੀਂ ਧਮਕੀ ਮਿਲੀ। ਇਸ ਤੋਂ ਬਾਅਦ ਇਨ੍ਹਾਂ 'ਚ ਤਲਾਸ਼ੀ ਮੁਹਿੰਮ ਚਲਾਈ ਗਈ ਤੇ ਧਮਕੀ ਅਫਵਾਹ ਨਿਕਲੀ। ਇਸ ਤੋਂ ਪਹਿਲਾਂ ਸ਼ਹਿਰ ਦੇ ਰਾਮੇਸ਼ਵਰਮ ਕੈਫੇ 'ਚ ਬੰਬ ਧਮਾਕਾ ਹੋਇਆ ਸੀ।

## ਰਿਕੀ ਪੌਂਟਿੰਗ ਦੀ ਨਾਂਹ

ਫਤਿਹ ਟਾਈਮਜ਼

ਨਵੀਂ ਦਿੱਲੀ, 24 ਮਈ : ਆਸਟਰੇਲੀਆ ਦੇ ਬੱਲੇਬਾਜ਼ ਰਿਕੀ ਪੌਂਟਿੰਗ ਨੇ ਖੁਲਾਸਾ ਕੀਤਾ ਹੈ ਕਿ ਭਾਰਤ ਦੇ ਮੁੱਖ ਕੋਚ ਦੇ ਖਾਲੀ ਹੋਣ ਵਾਲੇ ਅਹੁਦੇ ਨੂੰ ਭਰਨ ਲਈ ਉਸ ਨਾਲ ਸੰਪਰਕ ਕੀਤਾ ਗਿਆ ਸੀ, ਪਰ ਉਸ ਨੇ ਪੇਸ਼ਕਸ਼ ਠੁਕਰਾ ਦਿੱਤੀ, ਕਿਉਂਕਿ ਇਹ ਅਹੁਦਾ ਉਸ ਦੀ ਜੀਵਨ ਸ਼ੈਲੀ 'ਚ ਫਿੱਟ ਨਹੀਂ ਬੈਠਦਾ। ਉਸ ਨੇ ਇਹ ਨਹੀਂ ਦੱਸਿਆ ਕਿ ਕੀ ਭਾਰਤੀ ਕੋਚ ਦੇ ਅਹੁਦੇ ਲਈ ਬੀ ਸੀ ਸੀ ਆਈ ਵੱਲੋਂ ਕੋਈ ਸੁਝਾਅ ਆਇਆ ਸੀ।

## ਨਿਖਿਲ ਗੁਪਤਾ ਦੀ ਪਟੀਸ਼ਨ ਖਾਰਜ

ਫਤਿਹ ਟਾਈਮਜ਼

ਨਵੀਂ ਦਿੱਲੀ, 24 ਮਈ : ਚੈੱਕ ਗਣਰਾਜ ਦੀ ਸੰਵਿਧਾਨਕ ਅਦਾਲਤ ਨੇ ਅਮਰੀਕਾ ਸਥਿਤ ਵੱਖਵਾਦੀ ਆਗੂ ਗੁਰਪਤਵੰਤ ਸਿੰਘ ਪਨੂੰ ਦੀ ਹੱਤਿਆ ਦੀ ਕਥਿਤ ਸਾਜ਼ਿਸ਼ ਦੇ ਮਾਮਲੇ 'ਚ ਨਿਖਿਲ ਗੁਪਤਾ ਨੂੰ ਅਮਰੀਕਾ ਹਵਾਲੇ ਕਰਨ ਨੂੰ ਮਨਜ਼ੂਰੀ ਦੇ ਦਿੱਤੀ ਹੈ। ਗੁਪਤਾ ਪਿਛਲੇ ਸਾਲ ਜੂਨ ਤੋਂ ਪ੍ਰਾਗ ਦੀ ਜੇਲ੍ਹ 'ਚ ਬੰਦ ਹੈ। ਉਸ ਦੀ ਹਵਾਲਗੀ ਬਾਰੇ ਅੰਤਮ ਫੈਸਲਾ ਚੈੱਕ ਗਣਰਾਜ ਦੇ ਨਿਆਂ ਮੰਤਰੀ ਪਾਵੇਲ ਬਲਾਜੇਕ ਕਰਨਗੇ। ਅਦਾਲਤ ਨੇ ਹਵਾਲਗੀ ਵਿਰੁੱਧ ਗੁਪਤਾ ਦੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ।

## ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਉੱਤੇ ਸਵਾਲ ਕਰਨ ਅਮਨਪੂਰਵਕ ਜਾ ਰਹੇ ਕਿਸਾਨਾਂ ਨੂੰ ਰੋਕਣਾ ਮੰਦਭਾਗਾ: ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ

ਫਤਿਹ ਟਾਈਮਜ਼



ਪਠਾਨਕੋਟ, 24 ਮਈ (ਪਵਨ ਸ਼ਰਮਾਂ) ਲੋਕ ਸਭਾ ਹਲਕਾ ਗੁਰਦਾਸਪੁਰ ਦੀ ਦੀਨਾਨਗਰ ਵਿਖੇ ਭਾਜਪਾ ਵਲੋਂ ਅਯੋਜਤ ਚੋਣ ਰੈਲੀ ਨੂੰ ਸੰਬੋਧਨ ਕਰਨ ਲਈ ਪਹੁੰਚ ਰਹੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੂੰ ਕਿਸਾਨ ਮੱਸਲਿਆਂ ਨੂੰ ਲੈ ਕੇ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਉੱਤੇ ਸਵਾਲ ਕਰਨ ਅਮਨਪੂਰਵਕ ਜਾ ਰਹੇ ਕਿਸਾਨਾਂ ਨੂੰ ਰੋਕਣ ਲਈ ਪੰਜਾਬ ਪੁਲਿਸ ਵਲੋਂ ਸਵੇਰ ਤੋਂ ਕੀਤੀ ਜਾ ਰਹੀ ਫੜੋਫੜੀ ਦੀ ਜੋਰਦਾਰ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐਮ ਪੀ ਆਈ) ਦੇ ਜਿਲ੍ਹਾ ਸਕੱਤਰ ਕਾਮਰੇਡ ਨੱਥਾ ਸਿੰਘ ਢਡਵਾਲ ਅਤੇ ਪ੍ਰਧਾਨ ਕਾਮਰੇਡ ਸ਼ਿਵ ਕੁਮਾਰ ਨੇ ਕਿਹਾ ਹੈ ਕਿ ਚੋਣਾਂ ਦੇ ਸਮੇਂ ਦੌਰਾਨ ਜਿਹੜੀ ਪਾਰਟੀ ਦੇ ਆਗੂ ਜਵਾਬ ਦੇਣਾ ਤਾਂ ਦੂਰ ਦੀ ਗੱਲ ਲੋਕਾਂ ਦੀ ਗੱਲ ਸੁਣਨ ਲਈ ਤਿਆਰ ਨਹੀਂ, ਉਹਨਾਂ ਦਾ ਚੋਣਾਂ ਤੋਂ ਬਾਅਦ ਕਿਹੋ ਜਿਹਾ ਵਿਵਹਾਰ ਕਰਨਗੇ ਪ੍ਰਧਾਨ ਮੰਤਰੀ ਦੇ ਦੋ ਦਿਨਾਂ ਪੰਜਾਬ ਦੌਰੇ ਦੌਰਾਨ ਕਿਸਾਨਾਂ ਨੂੰ ਅਣਗੌਲਿਆਂ ਕੀਤੇ ਜਾਣ ਤੋਂ ਲਗਾਇਆ ਜਾ ਸਕਦਾ ਹੈ। ਪ੍ਰਧਾਨ ਮੰਤਰੀ ਦੇ ਇਹਨਾਂ ਦੋ ਦਿਨਾਂ ਦੇ ਭਾਸ਼ਣਾਂ ਵਿੱਚ ਕਿੱਤੇ ਵੀ ਮਹਿੰਗਾਈ, ਬੇਰੁਜ਼ਗਾਰੀ ਤੇ ਭਰਿਸ਼ਟਾਚਾਰ ਨੂੰ ਰੋਕਣ ਦੀ ਕੋਈ ਗੱਲ ਨਹੀਂ ਸੁਣੀ। ਜਿਥੇ ਜਿਥੇ ਰੈਲੀਆਂ ਹੋ ਰਹੀਆਂ ਹਨ ਉਸ ਇਲਾਕੇ ਵਿੱਚ ਕਰਫਿਊ ਵਰਗੇ ਹਲਾਤ ਪੈਦਾ ਕਰ ਦਿੱਤੇ ਹਨ। ਆਗੂਆਂ ਨੇ ਦੱਸਿਆ ਕਿ ਜਮਹੂਰੀ ਕਿਸਾਨ ਸਭਾ ਦੇ ਪ੍ਰਧਾਨ ਡਾਕਟਰ ਸਤਨਾਮ ਸਿੰਘ ਅਜਨਾਲਾ ਦੀ ਅਗਵਾਈ ਹੇਠ ਰੇਲ ਗੱਡੀ ਰਾਹੀਂ ਆ ਰਹੇ ਕਿਸਾਨਾਂ ਨੂੰ ਵੱਡੀ ਗਿਣਤੀ ਵਿੱਚ ਤਾਇਨਾਤ ਪੁਲਿਸ ਨੇ ਗੁਰਦਾਸਪੁਰ ਰੇਲਵੇ ਸਟੇਸ਼ਨ ਜਬਰੀ ਉਤਾਰ ਕੇ ਆਪਣੀ ਕਸਟਡੀ ਵਿੱਚ ਲੈ ਲਿਆ, ਫੋਕਲ ਪੁਆਇੰਟ ਪਨਿਆੜ ਤੋਂ ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਲ ਜਥੇਬੰਦੀਆਂ ਦੇ ਵੱਡੀ ਗਿਣਤੀ ਵਿੱਚ ਵੱਖ ਵੱਖ ਕਿਸਾਨ ਜਥੇਬੰਦੀਆਂ ਦੇ ਆਗੂਆਂ ਦੀ ਅਗਵਾਈ ਹੇਠ ਆਏ ਕਿਸਾਨਾਂ ਨੂੰ ਅੱਤ ਦੀ ਗਰਮੀ ਵਿਚ ਬੱਸਾਂ ਵਿੱਚ ਭਰ ਕੇ ਵੱਖ ਵੱਖ ਠਾਣਿਆਂ ਵਿੱਚ ਡੱਕ ਰੱਖਿਆ, ਪਠਾਨਕੋਟ ਵਿਖੇ ਸ਼ਾਹਪੁਰ ਕੰਡੀ ਪੁਲਿਸ ਨੇ ਕਾਮਰੇਡ ਬਲਵੰਤ ਸਿੰਘ ਘੋਹ , ਮਾਸਟਰ ਕੇਵਲ ਕਾਲੀਆ ਅਤੇ ਸਾਥੀ ਹਰਜੀਤ ਸਿੰਘ ਕਾਹਲੋਂ ਦੀ ਅਗਵਾਈ ਹੇਠ ਕਲਾਨੌਰ ਏਰੀਏ ਤੋਂ ਆ ਰਹੇ ਸਾਥੀਆਂ ਨੂੰ ਰੋਕਣ ਤੇ ਰੋਸ ਵਜੋਂ ਕਿਸਾਨਾਂ ਬੱਬਰੀ ਚੌਂਕ ਵਿੱਚ ਜਾਮ ਲਾ ਦਿੱਤਾ। ਆਰ ਐਮ ਪੀ ਆਈ ਆਗੂਆਂ ਕਾਮਰੇਡ ਨੱਥਾ ਸਿੰਘ, ਸ਼ਿਵ ਕੁਮਾਰ, ਧਿਆਨ ਸਿੰਘ ਠਾਕੁਰ, ਹਰਿੰਦਰ ਸਿੰਘ ਰੰਧਾਵਾ ਅਤੇ ਮਾਸਟਰ ਸੁਭਾਸ਼ ਸ਼ਰਮਾ ਸਾਂਝੇ ਪ੍ਰੈਸ ਬਿਆਨ ਵਿਚ ਕਿਹਾ ਕਿ ਮੋਦੀ ਸਰਕਾਰ ਦੇ ਰਾਜ ਵਿੱਚ ਸਵਾਲ ਕਰਨਾ ਵੀ ਵੱਡਾ ਗੁਨਾਹ ਹੋ ਗਿਆ ਹੈ। ਉਹਨਾਂ ਅਪੀਲ ਕੀਤੀ ਕਿ ਅਨੇਕਾਂ ਮੱਤ ਭੇਦ ਹੋਣ ਦੇ ਬਾਵਜੂਦ ਇਕ ਮੁੱਠ ਹੋ ਕੇ ਇਹਨਾਂ ਲੋਕ ਸਭਾ ਚੋਣਾਂ ਵਿੱਚ ਸਵਿਧਾਨ ਤੇ ਜਮਹੂਰੀਅਤ ਨੂੰ ਬਚਾਉਣ ਲਈ ਭਾਜਪਾ ਨੂੰ ਹਰਾਉਣਾ, ਕਾਰਪੋਰੇਟ ਘਰਾਣਿਆਂ ਨੂੰ ਭਜਾਉਣਾ ਅਤੇ ਦੇਸ਼ ਨੂੰ ਬਚਾਉਣਾ ਸਮੇਂ ਦੀ ਮੁੱਖ ਲੋੜ ਹੈ।

## ਸ੍ਰੀ ਗੁਰੂ ਅੰਗਦ ਦੇਵ ਕਾਲਜ "ਇਤਿਹਾਸ ਵਿਭਾਗ" ਦੇ ਪ੍ਰੋਫੈਸਰ ਹਰਦੇਵ ਸਿੰਘ ਨੇ ਆਰਮੀ ਦੇ ਵਿੱਚ ਏ ਐਨ ਓ ਦੀ ਪੋਸਟ ਵਿੱਚ ਨਿਯੁਕਤ ਹੋਣ 'ਤੇ 'ਲੈਫਟੀਨੇਟ' ਦਾ ਰੈਂਕ ਹਾਸਿਲ ਕੀਤਾ

ਫਤਿਹ ਟਾਈਮਜ਼



ਖਡੂਰ ਸਾਹਿਬ, 24 ਮਈ (ਗਿੱਲ) ਬਾਬਾ ਉੱਤਮ ਸਿੰਘ ਜੀ ਵੱਲੋਂ ਸਥਾਪਿਤ ਅਤੇ ਬਾਬਾ ਸੇਵਾ ਸਿੰਘ ਜੀ ਦੀ ਸਰਪ੍ਰਸਤੀ ਹੇਠ ਚੱਲ ਰਹੇ ਸ੍ਰੀ ਗੁਰੂ ਅੰਗਦ ਦੇਵ ਕਾਲਜ, ਖਡੂਰ ਸਾਹਿਬ ਦੇ "ਇਤਿਹਾਸ ਵਿਭਾਗ" ਦੇ ਪ੍ਰੋਫੈਸਰ ਹਰਦੇਵ ਸਿੰਘ ਨੂੰ ਆਰਮੀ ਦੇ ਵਿੱਚ ਏ ਐਨ ਓ ਦੀ ਪੋਸਟ ਵਿੱਚ ਨਿਯੁਕਤੀ ਹੋਣ 'ਤੇ 'ਲੈਫਟੀਨੇਟ' ਦਾ ਰੈਂਕ ਹਾਸਿਲ ਕੀਤਾ। ਇਸ ਰੈਂਕ ਦੇ ਸਦਕਾ ਉਸ ਨੇ ਆਪਣੇ ਪਰਿਵਾਰ, ਸਮੂਹ ਇਲਾਕੇ ਅਤੇ ਕਾਲਜ ਵਿੱਚ ਖੁਸ਼ੀ ਦੀ ਲਹਿਰ ਹੀ ਨਹੀਂ ਚੱਲੀ ਬਲਕਿ ਇਨ੍ਹਾਂ ਦੇ ਮਾਣ ਵਿੱਚ ਵੀ ਵਾਧਾ ਕੀਤਾ। ਇੱਥੇ ਇਹ ਜਿਕਰਯੋਗ ਹੈ ਕਿ ਜਦੋਂ ਪ੍ਰੋਫੈਸਰ ਸਾਹਿਬ ਕਾਲਜ ਦੇ ਐੱਨ.ਸੀ.ਸੀ. ਵਿਭਾਗ ਵਿੱਚ ਸ਼ਾਮਿਲ ਹੋਏ ਤਾਂ ਉਸ ਸਮੇਂ ਉਨ੍ਹਾਂ ਦੁਆਰਾ ਕੀਤੀ ਚੰਗੀ ਕਾਰਗੁਜਾਰੀ ਦੇ ਸਦਕਾ ਉਸ ਨੂੰ 'ਸੀਨੀਅਰ ਅੰਡਰ ਅਫਸਰ' ਦਾ ਰੈਂਕ ਮਿਲ ਚੁੱਕਿਆ ਸੀ। ਐਨਾ ਹੀ ਨਹੀਂ ਉਸਨੇ ਗ੍ਰੈਜੂਏਸ਼ਨ ਦੇ ਦੌਰਾਨ 'ਸੀ' ਸਰਟੀਫਿਕੇਟ ਵੀ ਪ੍ਰਾਪਤ ਕੀਤਾ। ਇਸੇ ਹੀ ਆਧਾਰ 'ਤੇ ਹੁਣ ਆਰਮੀ ਵਿੱਚ ਸਿੱਧੇ ਰੂਪ ਵਿੱਚ ਉਸ ਨੂੰ ਲੈਫਟੀਨੈਂਟ ਦਾ ਰੈਂਕ ਹਾਸਿਲ ਹੋ ਗਿਆ। ਕਾਲਜ ਪ੍ਰਿੰਸੀਪਲ ਡਾ.ਬਲਵੰਤ ਸਿੰਘ ਸੰਧੂ ਨੇ ਪ੍ਰੋ.ਹਰਦੇਵ ਸਿੰਘ ਨੂੰ ਇਸ ਪ੍ਰਾਪਤੀ ਲਈ ਵਧਾਈ ਦਿੱਤੀ ਅਤੇ ਕਿਹਾ ਕਿ ਇਨਸਾਨ ਦੀ ਸੱਚੀ ਸੁੱਚੀ ਲਗਨ, ਮਿਹਨਤ, ਇਰਾਦਾ ,ਵਿਸ਼ਵਾਸ ਆਦਿ ਹੀ ਉਸਨੂੰ ਉਸਦੀ ਮੰਜ਼ਿਲ ਦਾ ਰਾਹ ਵਿਖਾਉਂਦਾ ਹੈ। ਇਸ ਗੱਲ ਦਾ ਮਾਣ ਹੈ ਕਿ ਪ੍ਰੋਫੈਸਰ ਸਾਹਿਬ ਇੱਕ ਅਧਿਆਪਨ ਕਾਰਜ ਦੇ ਨਾਲ-ਨਾਲ ਐੱਨ.ਸੀ.ਸੀ. ਵਿਭਾਗ ਦੀਆਂ ਸਮੁੱਚੀਆਂ ਗਤੀਵਿਧੀਆਂ ਨੂੰ ਵੀ ਬੜੇ ਵਿਧੀਵਤ ਢੰਗ ਦੁਆਰਾ ਚੱਲਾ ਰਹੇ ਹਨ। ਇਸ ਵਿਭਾਗ ਨਾਲ ਜੁੜੇ ਵੱਖ-ਵੱਖ ਵਿਭਾਗਾਂ ਦੇ ਵਿਦਿਆਰਥੀਆਂ ਨੂੰ ਵੀ ਪ੍ਰੇਰਿਤ ਕਰਕੇ ਉਨ੍ਹਾਂ ਨੂੰ ਵੀ ਸਖਤ ਮਿਹਨਤ ਦੀ ਘਾਲਣਾ ਵਾਲੇ ਗੁਣਾਂ ਦਾ ਇੱਕ ਸਿੱਖਿਅਤ ਰੂਪ ਪ੍ਰਦਾਨ ਕਰ ਰਹੇ ਹਨ। ਇਸ ਮੌਕੇ ਕਾਲਜ ਦੇ ਜਰਨਲ ਸਕੱਤਰ ਸ੍ਰ.ਹਰਨੰਦਨ ਸਿੰਘ ਜੀ ਨੇ ਵੀ ਪ੍ਰੋ. ਸਾਹਿਬ ਨੂੰ ਮੁਬਾਰਕਬਾਦ ਦਿੱਤੀ ਅਤੇ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੀਆਂ ਹੋਰ ਪ੍ਰਾਪਤੀਆਂ ਪ੍ਰਾਪਤ ਕਰਨ ਦੀ ਆਸ ਪ੍ਰਗਟਾਈ। ਇਸ ਸਮੇਂ ਡਾ.ਜਤਿੰਦਰ ਸਿੰਘ ਸਿੱਧੂ, ਸ.ਗੁਰਮੀਤ ਸਿੰਘ (ਦਫ਼ਤਰੀ ਸੁਪਰਡੈਂਟ), ਪ੍ਰੋ.ਮੇਜਰ ਸਿੰਘ, ਡਾ.ਜਤਿੰਦਰ ਕੌਰ, ਪ੍ਰੋ.ਰਜਿੰਦਰ ਕੌਰ,ਪ੍ਰੋ.ਮਨਦੀਪ ਕੌਰ, ਪ੍ਰੋ.ਸ਼ੁੱਭਪ੍ਰੀਤ ਕੌਰ ਆਦਿ ਹਾਜ਼ਰ ਸਨ।

## ਇਹ ਕੈਸੀ ਲਹਿਰ ਬਣਦੀ ਜਾ ਰਹੀ ਅੰਮ੍ਰਿਤਪਾਲ ਸਿੰਘ ਦੇ ਹੱਕ ਚ!

### ਸਰਬਜੋਤ ਸਿੰਘ ਖਾਲਸਾ

ਫਤਿਹ ਟਾਈਮਜ਼ ਸੰਪਾਦਕੀ

ਕਸਬਾ ਫਤਿਹਾਬਾਦ ਵਿਖੇ ਬੀਤੇ ਦਿਨ ਜਦ ਅਸੀਂ ਬਾਜਾਰ ਵਿਚੋਂ ਲੰਘ ਰਹੇ ਸੀ ਤਾ ਇਹ ਦੇਖ ਕੇ ਬੜੀ ਹੈਰਾਨੀ ਹੋਈ ਕਿ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਦੇ ਹੱਕ ਚ ਇਹ ਕੈਸੀ ਲਹਿਰ ਬਣਦੀ ਜਾ ਰਹੀ ਹੈ ਜਿਸ ਵਿਚ ਨੌਜਵਾਨ,ਬੱਚੇ ਅਤੇ ਬਜੁਰਗ ਆਪ ਮੁਹਾਵਰੇ ਭਾਈ ਅੰਮ੍ਰਿਤਪਾਲ ਸਿੰਘ ਦੇ ਹੱਕ ਵਿਚ ਚੋਣ ਪ੍ਰਚਾਰ ਕਰ ਰਹੇ ਹਨ। ਹਲਕਾ ਖਡੂਰ ਸਾਹਿਬ ਵਿਚ ਪ੍ਰਚਾਰ ਕਰਨ ਲਈ ਲੋਕ ਪੰਜਾਬ ਦੇ ਦੂਸਰੇ ਜਿਲਿਆਂ ਅਤੇ ਹਲਕਿਆਂ ਚੋਂ ਆ ਆ ਕੇ ਏਥੋ ਦੇ ਵਸਨੀਕਾਂ ਨੂੰ ਵੋਟ ਭਾਈ ਅੰਮ੍ਰਿਤਪਾਲ ਸਿੰਘ ਨੂੰ ਪਾਉਣ ਲਈ ਪ੍ਰੇਰਦੇ ਨਜਰ ਆ ਰਹੇ ਹਨ। ਸਾਡੇ ਇੱਕ ਪ੍ਰਤੀਨਿਧੀ ਵਲੋਂ ਜਦੋਂ ਰਈਆ ਸ਼ਹਿਰ ਵਿਖੇ ਭਾਈ ਅੰਮ੍ਰਿਤਪਾਲ ਸਿੰਘ ਦੇ ਹੱਕ ਚ ਪ੍ਰਚਾਰ ਕਰਨ ਵਾਲੇ ਨੌਜਵਾਨਾਂ ਨਾਲ ਗੱਲਬਾਤ ਕੀਤੀ ਤਾ ਪਤਾ ਲੱਗਾ ਕੇ ਉਹ ਫਤਿਹਗੜ੍ਹ ਸਾਹਿਬ ਅਤੇ ਸ਼ੰਭੂ ਬਾਰਡਰ ਦੇ ਨੇੜਲੇ ਪਿੰਡਾਂ ਤੋਂ ਖਡੂਰ ਸਾਹਿਬ ਹਲਕੇ ਚ ਪ੍ਰਚਾਰ ਕਰਨ ਆਏ ਹਨ।

## ਆਈ।ਟੀ।ਆਈ ਸਰਹਾਲੀ ਦੇ ਵਿਦਿਆਰਥੀਆਂ ਨੇ ਸਾਇੰਸ ਸਿਟੀ ਕਪੂਰਥਲਾ ਵਿਖੇ ਹੋਏ ਮੁਕਾਬਲਿਆਂ ਵਿੱਚੋਂ ਪਹਿਲਾ ਸਥਾਨ ਹਾਸਿਲ ਕੀਤਾ

ਫਤਿਹ ਟਾਈਮਜ਼



ਚੋਹਲਾ ਸਾਹਿਬ, 24 ਮਈ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) ਪੁਸ਼ਪਾ ਗੁਜਰਾਲ ਸਾਇੰਸ ਸਿਟੀ ਕਪੂਰਥਲਾ ਵਿਖੇ ਵੈਲਡਿੰਗ ਮੁਕਾਬਲਿਆਂ ਵਿੱਚ ਗੌਰਮੈਂਟ ਆਈ।ਟੀ।ਆਈ ਸਰਹਾਲੀ ਦੇ ਵੈਲਡਰ ਟਰੇਡ ਦੇ ਵਿਦਿਆਰਥੀਆਂ ਨੇ ਭਾਗ ਲਿਆ ਆਈ।ਟੀ।ਆਈ ਸਰਹਾਲੀ ਦੇ ਪ੍ਰਿੰਸੀਪਲ ਕੁਲਵੰਤ ਸਿੰਘ ਜੰਜੂਆਂ ਨੇ ਜਾਣਕਾਰੀ ਦਿੰਦੀ ਹੋਏ ਦੱਸਿਆ ਕਿ ਸਾਇੰਸ ਸਿਟੀ ਕਪੂਰਥਲਾ ਵਿਖੇ ਪੰਜਾਬ ਭਰ ਚ ਆਈ।ਟੀ।ਆਈ ਦੇ ਕਰੀਬ 100 ਬੱਚਿਆਂ ਨੇ ਭਾਗ ਲਿਆ। ਜਿਨਾਂ ਵਿੱਚੋਂ ਆਈ।ਟੀ।ਆਈ ਸਰਹਾਲੀ ਦੇ ਵੈਲਡਰ ਟਰੇਡ ਦੇ ਸਿਖਿਆਰਥੀ ਸੁਖਵਿੰਦਰ ਸਿੰਘ, ਗੁਰਮੀਤ ਸਿੰਘ,ਲਵਪ੍ਰੀਤ ਸਿੰਘ ਅਤੇ ਗੁਰਪ੍ਰੀਤ ਸਿੰਘ ਨੇ ਪੰਜਾਬ ਭਰ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ। ਇੰਨਾ ਸਿਖਿਆਰਥੀਆਂ ਦਾ ਸੰਸਥਾ ਵਿਖੇ ਪਹੁੰਚਣ ਤੇ ਪ੍ਰਿੰਸੀਪਲ ਕੁਲਵੰਤ ਸਿੰਘ ਜੰਜੂਆ ਅਤੇ ਸਾਰੇ ਸਟਾਫ ਨੇ ਹਾਰ ਪਾ ਕੇ ਨਿੱਘਾ ਸਵਾਗਤ ਕੀਤਾ ਅਤੇ ਸੰਸਥਾ ਵਿੱਚ ਲੱਡੂ ਵੰਡੇ ਗਏ। ਇਸ ਮੌਕੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਮੌਕੇ ਪ੍ਰਿੰਸੀਪਲ ਨੇ ਕਿਹਾ ਕਿ ਇਸ ਸੰਸਥਾ ਦੇ ਸਿਖਿਆਰਥੀਆਂ ਨੇ ਪਹਿਲਾ ਸਥਾਨ ਹਾਸਿਲ ਕਰਕੇ ਜਿੱਥੇ ਸੰਸਥਾ ਦਾ ਨਾਮ ਰੋਸ਼ਨ ਕੀਤਾ ਉੱਥੇ ਹੀ ਉਹਨਾਂ ਨੇ ਆਪਣੇ ਮਾਤਾ ਪਿਤਾ ਪਿੰਡ ਅਤੇ ਜਿਲੇ ਦਾ ਨਾਮ ਰੋਸ਼ਨ ਕੀਤਾ ਹੈ। ਉਨ੍ਹਾਂ ਕਿਹਾ ਕਿ ਇੰਨਾ ਸਿਖਿਆਰਥੀਆਂ ਦੇ ਇੰਚਾਰਜ ਸ਼ਰਨਜੀਤ ਸਿੰਘ, ਸ੍ਰੀ ਸੁਖਮੀਤ ਸਿੰਘ ਅਤੇ ਸ੍ਰੀ ਸੁਖਦੇਵ ਸਿੰਘ ਦੀ ਮਿਹਨਤ ਦੇ ਨਾਲ ਹੀ ਇਹਨਾਂ ਸਿੱਖਿਆਰਥੀਆਂ ਨੇ ਸੰਸਥਾ ਦਾ ਨਾਮ ਰੋਸ਼ਨ ਕੀਤਾ ਹੈ। ਉਹਨਾਂ ਕਿਹਾ ਕਿ ਬਾਕੀ ਬੱਚਿਆਂ ਨੂੰ ਹਰੇਕ ਮੁਕਾਬਲੇ ਵਿੱਚ ਭਾਗ ਲੈਣਾ ਚਾਹੀਦਾ ਹੈ ਤਾਂ ਜੋ ਉਨਾਂ ਦਾ ਹੁਨਰ ਵੱਧ ਸਕੇ ਅਤੇ ਗਿਆਨ ਵਿੱਚ ਵਾਧਾ ਹੋ ਸਕੇ। ਇਸ ਮੌਕੇ ਟ੍ਰੇਨਿੰਗ ਅਫਸਰ ਸ੍ਰੀ ਗੁਰਪਾਲ ਸਿੰਘ, ਸੁਪਰਡੈਂਟ ਸ੍ਰੀ ਗੁਰਬਾਜ ਸਿੰਘ,ਹਰਮਿੰਦਰ ਸਿੰਘ ਕੁਲਵੰਤ ਸਿੰਘ,ਸੁਮੀਰ ਸ਼ਰਮਾ, ਹਰਮਨਦੀਪ ਸਿੰਘ,ਸਰੇਸ਼ ਕੁਮਾਰ, ਅਸ਼ੋਕ ਕੁਮਾਰ ,ਸ਼ਮਸ਼ੇਰ ਸਿੰਘ, ਸੁਖਵਿੰਦਰ ਸਿੰਘ,ਸੁਨੀਤਾ ਅਤੇ ਜਸਵੰਤ ਸਿੰਘ ਹਾਜ਼ਰ ਸਨ।


**ਖੁਸ਼ੀਆਂ ਸਾਂਝੀਆਂ ਕਰੋ**

ਜਨਮ ਦਿਨ ਮੁਬਾਰਕ,
ਵਿਆਹ ਦੀ ਵਰੇਗੰਡ ਲਗਵਾਉਣ
ਲਈ ਇਸ ਈਮੇਲ ਤੇ ਭੇਜੋ
fatehtimes1699@gmail.com

ਹੱਕ ਸੱਚ ਦੀ ਆਵਾਜ਼
ਫਤਿਹ ਟਾਈਮਜ਼ CHANNEL

ਮਿਆਰੀ ਖਬਰਾਂ ਦੇਖਣ ਲਈ fatehtimes channel ਨੂੰ ਜ਼ਰੂਰ ਸਬਸਕ੍ਰਾਈਬ ਕਰੋ।

ਫਤਿਹ ਟਾਈਮਜ਼ ਚੈਂਨਲ ਤੇ ਖਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
ਮੋ; 99885-37575

**ਅਦਾਰਾ ਫਤਿਹ ਟਾਈਮਜ਼ ਦੀ ਤੀਸਰੀ ਵਰ੍ਹੇਗੰਢ ਮੌਕੇ ਵਿਸ਼ੇਸ਼ ਸਪਲੀਮੈਂਟ**

ਅਦਾਰਾ ਫਤਿਹ ਟਾਈਮਜ਼ ਦੀ ਤੀਸਰੀ ਵਰ੍ਹੇਗੰਢ ਮੌਕੇ ਅਦਾਰੇ ਦੀ ਸਮੁੱਚੀ ਟੀਮ ਵਲੋਂ ਵਿਸ਼ੇਸ਼ ਸਪਲੀਮੈਂਟ ਜਲਦ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ ਸੰਪਰਕ ਕਰਨ ਲਈ ਇਸ ਨੰਬਰ ਤੇ ਕਾਲ ਕਰੋ।
ਮੋ:99885-37575

LIC
भारतीय जीवन बीमा निगम
LIFE INSURANCE CORPORATION OF INDIA
**ਬੀਮਾ ਸੇਵਾ ਕੇਂਦਰ**

ਬੱਚਿਆਂ ਲਈ ਐਜੂਕੇਸ਼ਨ ਬੀਮਾ ਪੌਲਸੀ,
ਲੜਕੀਆਂ ਲਈ ਕੰਨਿਆਦਾਨ ਪੌਲਸੀ,
ਬੁਢਾਪਾ ਪੈਨਸ਼ਨ ਸਕੀਮ,ਮਨੀ ਬੈੱਕ ਪੌਲਸੀ,
ਰੋਜ਼ਾਨਾ ਬਚਤ ਪੌਲਸੀ,ਕਰੋੜਪਤੀ ਸਕੀਮ।

ਡੈੱਥ ਕਲੇਮ,ਮਚਿਉਰਟੀ ਜਾ ਫਿਰ ਹੋਰ
ਐਲ ਆਈ ਸੀ ਸੇਵਾ ਲਈ ਸੰਪਰਕ ਕਰੋ:
ਐਸ ਐਸ ਸੰਧਾ ਮੋ:9988537575

ਅਖਬਾਰਾਂ ਵਿਚ ਨਾਮ ਬਦਲੀ,ਬੇਦਖਲੀ ਨੋਟਿਸ,ਟਿਊਬਵੈਲ ਕੁਨੈਕਸ਼ਨ ਅਤੇ ਹੋਰ ਇਸ਼ਤਿਹਾਰ ਦੇਣ ਵੀ ਲਈ ਸੰਪਰਕ ਕਰੋ।

# ਵੱਡੀ ਲੀਡ ਨਾਲ ਜਿੱਤ ਦਰਜ ਕਰਨਗੇ ਕੁਲਬੀਰ ਸਿੰਘ ਜੀਰਾ- ਡਾ ਸੁਖਵਿੰਦਰ ਸਿੰਘ



ਫਤਿਹਾਬਾਦ, 24 ਮਈ (ਐਸ ਐਸ ਸੰਧਾ) ਪੰਜਾਬ ਦੇ ਲੋਕ ਝੂਠੇ ਲਾਰੇ ਲਾ ਕੇ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਅਸਲ ਚਿਹਰਾ 2 ਸਾਲਾਂ ਵਿਚ ਹੀ ਦੇਖਣ ਤੋਂ ਬਾਅਦ ਅੱਜ ਇਸ ਦੇ ਮੰਤਰੀਆਂ ਅਤੇ ਵਿਧਾਇਕਾਂ ਕੋਲੋਂ ਝੂਠੇ ਵਾਅਦਿਆ ਬਾਰੇ ਜਦ ਸਵਾਲ ਕਰਦੇ ਹਾਂ ਤਾਂ 'ਆਪ' ਲੀਡਰਾਂ ਕੋਲ ਕੋਈ ਜਵਾਬ ਨਹੀ ਹੁੰਦਾ। ਪੰਜਾਬ ਦੀ ਜਨਤਾ ਕਾਂਗਰਸ ਪਾਰਟੀ ਦੇ ਹੱਕ ਵਿਚ ਆ ਖੜੀ ਹੈ ਜਿਸ ਸਦਕਾ ਇਸ ਵਾਰ ਪੰਜਾਬ ਦੀਆਂ 13 ਸੀਟਾਂ ਤੇ ਕਾਂਗਰਸ ਸ਼ਾਨਦਾਰ ਜਿੱਤ ਦਰਜ ਕਰਨ ਜਾ ਰਹੀ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕਸਬਾ ਫਤਿਹਾਬਾਦ ਦੇ ਸੀਨੀਅਰ ਕਾਂਗਰਸੀ ਆਗੂ ਡਾ ਸੁਖਵਿੰਦਰ ਸਿੰਘ ਭੰਡ ਨੇ ਫਤਿਹ ਟਾਈਮਜ਼ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਹਲਕਾ ਖਡੂਰ ਸਾਹਿਬ ਵਿਚ ਕਾਂਗਰਸੀ ਉਮੀਦਵਾਰ ਕੁਲਬੀਰ ਸਿੰਘ ਜੀਰਾ ਦੇ ਹੱਕ 'ਚ ਹਵਾ ਚੱਲ ਰਹੀ ਹੈ ਜੋ ਇਹ ਇਸ਼ਾਰਾ ਕਰਦੀ ਹੈ ਕਿ ਸ੍ਰ ਜੀਰਾ ਵੱਡੀ ਲੀਡ ਨਾਲ ਜਿੱਤ ਦਰਜ ਕਰਨਗੇ।ਉਨ੍ਹਾਂ ਕਿਹਾ ਕਿ ਇਹ ਲੋਕ ਸਭਾ ਚੋਣਾਂ ਦਾ ਨਤੀਜਾ 2027 ਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਪਾਰਟੀ ਦੀ ਸਰਕਾਰ ਬਣਨ ਦਾ ਸੁਨੇਹਾ ਵੀ ਦੇ ਦੇਵੇਗਾ।

# 27 ਦੀ ਪਿੰਡ ਸ਼ੇਖ ਕਾਨਫਰੰਸ ਲਈ ਅਕਾਲੀ ਵਰਕਰਾਂ ਨੂੰ ਕੀਤਾ ਲਾਮਬੰਦ : ਗੁਰਸੇਵਕ ਸਿੰਘ ਸ਼ੇਖ



ਤਰਨ ਤਾਰਨ, 24 ਮਈ (ਐਸ ਐਸ ਸੰਧਾ) ਪਿੰਡ ਜੀਓਬਾਲਾ ਵਿਖੇ ਪਰਮਜੀਤ ਸਿੰਘ ਪੰਨੇ ਦੀ ਗ੍ਰਿਹ ਵਿਖੇ ਅਕਾਲੀ ਵਰਕਰਾਂ ਦੀ ਮੀਟਿੰਗ ਕੀਤੀ । ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰ ਅਤੇ ਸਾਬਕਾ ਚੇਅਰਮੈਨ ਗੁਰਸੇਵਕ ਸਿੰਘ ਸ਼ੇਖ ਉਚੇਚੇ ਤੌਰ ਤੇ ਹਾਜਰ ਹੋਏ।ਇਸ ਮੌਕੇ ਪਿੰਡ ਸ਼ੇਖ ਵਿਖੇ 27 ਮਈ ਨੂੰ ਪ੍ਰੋਫੈਸਰ ਵਿਰਸਾ ਸਿੰਘ ਵਲਟੋਹਾ ਦੇ ਹੱਕ ਚ ਹੋਣ ਜਾ ਰਹੀ ਭਰਵੀਂ ਚੋਣ ਮੀਟਿੰਗ ਵਿਚ ਪਹੁੰਚਣ ਲਈ ਅਕਾਲੀ ਵਰਕਰਾਂ ਨੂੰ ਲਾਮਬੰਦ ਕੀਤਾ ਗਿਆ। ਸਾਬਕਾ ਸੰਮਤੀ ਮਨਜੀਤ ਸਿੰਘ,ਅੰਮ੍ਰਿਤਪਾਲ ਸਿੰਘ,ਸਤਨਾਮ ਸਿੰਘ,ਬਲਬੀਰ ਸਿੰਘ,ਮੇਜਰ ਸਿੰਘ,ਪਰਮਜੀਤ ਸਿੰਘ, ਮਨਜੀਤ ਸਿੰਘ,ਲਖਵਿੰਦਰ ਸਿੰਘ,ਬਲਦੇਵ ਸਿੰਘ,ਗੁਰਸ਼ਰਨ ਸਿੰਘ,ਗੁਰਦਿਆਲ ਸਿੰਘ,ਪ੍ਰਗਟ ਸਿੰਘ, ਗੁਰਦੀਪ ਸਿੰਘ, ਬਲਕਾਰ ਸਿੰਘ ਆਦਿ ਹਾਜਰ ਸਨ।

# ਵਿਧਾਨ ਸਭਾ ਹਲਕਾ ਖਡੂਰ ਸਾਹਿਬ ਤੋਂ ਉਮੀਦਵਾਰ ਕੁਲਬੀਰ ਸਿੰਘ ਜ਼ੀਰਾ ਬਹੁਤ ਵੱਡੀ ਲੀਡ ਨਾਲ ਜਿੱਤਣਗੇ- ਸਿੱਕੀ,ਪੱਖੋਕੇ



ਝਬਾਲ, 24 ਮਈ (ਹਰਜਿੰਦਰ ਸਿੰਘ ਸੋਨੀ) ਪਿੰਡ ਕੱਦਗਿੱਲ ਵਿਖੇ ਵਿਸ਼ਾਲ ਰੈਲੀ ਨੂੰ ਸੰਬੋਧਨ ਕਰਦਿਆਂ ਸਾਬਕਾ ਵਿਧਾਇਕ ਸ੍ਰ ਰਮਨਜੀਤ ਸਿੰਘ ਸਿੱਕੀ ਅਤੇ ਕਾਂਗਰਸ ਪਾਰਟੀ ਪੰਜਾਬ ਕੌਮੀ ਮੀਤ ਪ੍ਰਧਾਨ ਰਾਜਬੀਰ ਸਿੰਘ ਪੱਖੋਕੇ ਨੇ ਕਿਹਾ ਕਿ ਕੁਲਬੀਰ ਸਿੰਘ ਜ਼ੀਰਾ ਬਹੁਤ ਵੱਡੀ ਜਿੱਤ ਦਰਜ ਕਰਨਗੇ ਸਿੱਕੀ ਤੇ ਪੱਖੋਕੇ ਨੇ ਕਾਂਗਰਸ ਸਰਕਾਰ ਵੇਲੇ ਦੀਆਂ ਪ੍ਰਾਪਤੀਆਂ ਦੱਸ ਦਿਆਂ ਕਿਹਾ ਕਿ ਕਾਂਗਰਸ ਸਰਕਾਰ ਵੇਲੇ ਪੰਜਾਬ ਨੇ ਬਹੁਤ ਤਰੱਕੀ ਕੀਤੀ ਹੈ। ਹਰ ਇੱਕ ਦਾ ਕੰਮ ਪਹਿਲ ਦੇ ਆਧਾਰ ਤੇ ਹੋਇਆ ਹੈ ਕਿਸਾਨਾਂ ਨੂੰ ਫਸਲਾਂ ਦਾ ਭਾ ਵੀ ਪੂਰਾ ਮਿਲਦਾ ਰਿਹਾਂ ਤੇ ਮੰਡੀਆਂ 'ਚ ਕਿਸਾਨਾਂ ਦੀ ਖੱਜਲਖੁਆਰੀ ਨਹੀਂ ਹੋਈ ਸਮੇਂ ਸਿਰ ਮੰਡੀਆਂ ਚੋਂ ਕਣਕ ਝੋਨਾਂ ਚੁੱਕਿਆ ਗਿਆ।ਰਮਨਦੀਪ ਸਿੰਘ ਸਿੱਕੀ ਤੇ ਰਾਜਬੀਰ ਸਿੰਘ ਪੱਖੋਕੇ ਨੇ ਕਿਹਾ ਕਿ ਜ਼ੀਰਾ ਸਾਹਿਬ ਨੂੰ ਜਿੱਤਾ ਕੇ ਲੋਕ ਸਭਾ ਵਿੱਚ ਭੇਜੋ ਤਾਂ ਜ਼ੋ ਵਿਕਾਸ ਦੀ ਹਨੇਰੀ ਫਿਰ ਝੁੱਲੇ ਪਿੰਡਾ ਸ਼ਹਿਰਾਂ ਨੂੰ ਗ੍ਰਾਂਟਾਂ ਜ਼ੀਰਾ ਸਾਹਿਬ ਕੋਲੋਂ ਵੱਡੀ ਗਿਣਤੀ ਵਿੱਚ ਦਵਾਈਆਂ ਜਾਣਗੀਆਂ। ਕੁਲਬੀਰ ਸਿੰਘ ਜ਼ੀਰਾ ਨੇ ਕਿਹਾ ਕਿ ਮੈਂ ਹਰ ਬੁੱਧਵਾਰ ਤਰਨਤਾਰਨ ਬੈਠਿਆਂ ਕਰਾਂਗਾ ਤੇ ਹਰ ਇੱਕ ਦੇ ਦੁੱਖ ਸੁੱਖ ਵਿੱਚ ਭਾਈਵਾਲ ਬਣਾਂਗਾ ਇਸ ਮੌਕੇ ਹਾਜ਼ਰ ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ, ਮਨਿੰਦਰਪਾਲ ਸਿੰਘ ਪਲਾਸੌਰ, ਕੌਮੀ ਮੀਤ ਪ੍ਰਧਾਨ ਰਾਜਬੀਰ ਸਿੰਘ ਪੱਖੋਕੇ, ਰਾਣਾ ਪੀ, ਏ ਸਿੱਕੀ ਸਾਹਿਬ, ਚੇਅਰਮੈਨ ਮਨਜੀਤ ਸਿੰਘ ਨੋਨੇ, ਅੰਗਰੇਜ਼ ਸਿੰਘ ਸਰਪੰਚ ਕੱਦਗਿੱਲ, ਸਰਪੰਚ ਅਮਰੀਕ ਸਿੰਘ ਖੱਬੇ ਡੋਗਰਾ, ਸਰਪੰਚ ਹਰਦੇਵ ਸਿੰਘ ਰਾਜੇਵਾਲਾ ਖੂਹ, ਸਰਪੰਚ ਜੋਤੀ ਬਾਗੜੀਆਂ, ਵਿੱਕੀ ਕੱਦਗਿੱਲ, ਸਰਪੰਚ ਸੋਨਾ ਬਾਗੜੀਆਂ, ਸੰਦੀਪ ਸਿੰਘ ਭੈਣੀ ਸਿੱਧਵਾਂ, ਸਰਪੰਚ ਸੋਨੀ ਸ਼ੇਖ ਫੱਤਾ, ਨੰਬਰਦਾਰ ਕੁਲਦੀਪ ਸਿੰਘ ਪੱਖੋਕੇ, ਪ੍ਰਗਟ ਸਿੰਘ ਗੋਰੀ ਪੱਖੋਕੇ, ਕੰਵਰਪਾਲ ਸਿੰਘ ਪੱਖੋਕੇ, ਸੰਮਤੀ ਮੈਂਬਰ ਬੁੱਧ ਸਿੰਘ ਪੱਖੋਕੇ, ਗੁਰਭੇਜ ਸਿੰਘ ਪੱਖੋਕੇ, ਕਿਸ਼ਨ ਸਿੰਘ ਪੱਖੋਕੇ, ਮਲਕੀਤ ਸਿੰਘ ਪੱਖੋਕੇ, ਸਰਬਜੀਤ ਸਿੰਘ ਪੱਖੋਕੇ, ਕੰਵਲਜੀਤ ਸਿੰਘ ਮਾਣਾ ਪੱਖੋਕੇ, ਪਿੰਪੂ ਪੱਖੋਕੇ, ਬੂਟਾ ਸਿੰਘ ਪੱਖੋਕੇ, ਮਨਜਿੰਦਰ ਸਿੰਘ ਪੱਖੋਕੇ, ਸੁਖਚੈਨ ਸਿੰਘ ਪੱਖੋਕੇ, ਮਨਜਿੰਦਰ ਸਿੰਘ ਮੱਲ੍ਹੀਆ ਆਦਿ ਹਾਜ਼ਰ ਸਨ

# ਲਾਲਜੀਤ ਭੁੱਲਰ ਦੇ ਹੱਕ 'ਚ ਕਾਲੇਕੇ ਵਿਖੇ ਸਰਪੰਚ ਰਾਣਾ ਦੀ ਅਗਵਾਈ 'ਚ ਹੋਏ ਵੱਡੇ ਇਕੱਠ ਨੇ ਉਡਾਈ ਵਿਰੋਧੀਆਂ ਦੀ ਨੀਂਦ



ਮੀਆਂਵਿੰਡ, 24 ਮਈ (ਸਰਬਜੀਤ ਸਿੰਘ ਮੀਆਂਵਿੰਡ) ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਆਮ ਪਾਰਟੀ ਦੇ ਉਮੀਦਵਾਰ ਸ.ਲਾਲਜੀਤ ਸਿੰਘ ਭੁੱਲਰ ਦੇ ਹੱਕ ਵਿੱਚ ਸਰਪੰਚ ਗੁਰਚਰਨ ਸਿੰਘ ਰਾਣਾ ਕਾਲੇਕੇ ਦੀ ਆਗਵਾਈ ਹੇਠ ਪਿੰਡ ਕਾਲੇਕੇ ਵਿਖੇ ਲੋਕਾਂ ਦੇ ਵੱਡੇ ਇਕੱਠ ਨੇ ਵਿਰੋਧੀਆਂ ਦੀਆ ਨੀਂਦਾਂ ਉਡਾ ਦਿੱਤੀਆ।ਇਸ ਮੌਕੇ ਪੁੱਜੇ ਹਲਕਾ ਵਿਧਾਇਕ ਸਰਦਾਰ ਦਲਬੀਰ ਸਿੰਘ ਟੌਂਗ ਨੇ ਇਕੱਤਰਤਾ ਨੂੰ ਵੇਖਦਿਆ ਵੱਡੀ ਖੁਸ਼ੀ ਜਾਹਰ ਕਰਦਿਆ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਰਪੰਚ ਰਾਣਾ ਜੀ ਵੱਲੋ ਜਦੋ ਤੋ ਆਮ ਪਾਰਟੀ ਨੂੰ ਸਹਿਯੋਗ ਦਿੰਦਿਆ ਦਿੱਤਾ ਹੈ ਉਦੋਂ ਤੋਂ ਹੀ ਆਮ ਆਦਮੀ ਪਾਰਟੀ ਲਈ ਦਿਨ ਰਾਤ ਮਿਹਨਤ ਕਰ ਰਹੇ ਹਨ ਅਤੇ ਆਪਣੇ ਵਰਕਰਾਂ ਨਾਲ ਚਟਾਣ ਵਾਂਗ ਖੜੇ ਹਨ।ਵਿਧਾਇਕ ਦਲਬੀਰ ਸਿੰਘ ਟੌਂਗ ਨੇ ਕਿਹਾ ਕਿ ਪਿੰਡ ਕਾਲੇਕੇ ਦੀਆਂ ਸੰਗਤਾਂ ਨੇ ਪਹਿਲਾਂ ਵੀ ਮੈਨੂੰ ਬਹੁਤ ਮਾਣ ਬਖਸ਼ਿਆ ਹੈ ਅਤੇ ਹੁਣ ਵੀ ਪਹਿਲਾਂ ਵਾਂਗ ਜਿੱਤ ਯਕੀਨੀ ਬਣਾ ਦਿਉ ਤਾਂ ਜੋ ਤੁਹਾਡੇ ਹਰ ਮਸਲੇ ਪਹਿਲ ਦੇ ਆਧਾਰ ਲਾਲਜੀਤ ਭੁੱਲਰ ਪਾਰਲੀਮੈਂਟ ਵਿੱਚ ਚੁੱਕਣਗੇ।ਵਿਧਾਇਕ ਦਲਬੀਰ ਸਿੰਘ ਟੌਂਗ ਨੇ ਕਿਹਾ ਕਿ ਮੈ ਹਮੇਸ਼ਾ ਤੁਹਾਡੇ ਨਾਲ ਖੜਾ ਹਾਂ ਬੱਸ ਤੁਸੀਂ 1ਜੂਨ ਨੂੰ ਝਾੜੂ ਦੇ ਬਟਨ ਦਬਾ ਕੇ ਜਿਤਾ ਦਿਉ ਤਾਂ ਜੋ ਕੰਮ ਦੀ ਰਫਤਾਰ ਨੂੰ ਹੋਰ ਤੇਜ ਕੀਤਾ।ਇਸ ਮੌਕੇ ਸਰਪੰਚ ਗੁਰਚਰਨ ਸਿੰਘ ਰਾਣਾ ਕਾਲੇਕੇ ਨੇ ਵੀ ਲਾਲਜੀਤ ਸਿੰਘ ਭੁੱਲਰ ਨੂੰ ਆਪਣਾ ਇੱਕ :ਇੱਕ ਵੋਟ ਪਾਉਣ ਦੀ ਅਪੀਲ ਕੀਤੀ ਅਤੇ ਆਏ ਹੋਏ ਪਿੰਡ ਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ।ਇਸ ਮੌਕੇ ਸਰਵਿੰਦਰ ਸਿੰਘ ਪੀਏ,ਸੁਰਜੀਤ ਸਿੰਘ ਕੰਗ,ਸਾਬਾ ਲੰਬੜਦਾਰ ਕਾਲੇਕੇ,ਦੁਬਈ ਵਾਲੇ,ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਨੌਜਵਾਨ ਆਦਿ ਹਾਜ਼ਰ ਸਨ।


ਦਰਸ਼ਨ ਬੇਕਰੀ
ਮੇਨ ਰੋਡ ਫਤਿਆਬਾਦ, (ਤਰਨ ਤਾਰਨ)
ਇਥੋਂ ਕੇਕ,ਪੇਸਟੀਆਂ,ਹਰ ਤਰਾਂ ਦੇ ਬਿਸਕੁਟ,ਸੂਜੀ ਰਸ ,ਪੈਟੀਆਂ,ਕਰੀਮ ਰੋਲ ਹਰ ਸਮੇਂ ਤਿਆਰ ਲਵੋ ।

ਕੁਲਜੀਤ ਸਿੰਘ ਲਾਡੀ
ਸੰਪਰਕ : 98721-51544, 98559-21544


(M) 97819-55016
ਬਲਬੀਰ ਸਿੰਘ
ਟਾਈਫਾਇਡ, ਸਰਵਾਈਕਲ, ਲੀਵਰ ਫੈਟੀ, ਲੱਤਾਂ ਬਾਹਵਾਂ ਦੀਆਂ ਦਰਦਾਂ ਆਦਿ ਹਰ ਬਿਮਾਰੀ ਦਾ ਇਲਾਜ ਗਰੰਟੀ ਨਾਲ ਕੀਤਾ ਜਾਂਦਾ ਹੈ ।
ਗੋਇੰਦਵਾਲ ਰੋਡ, ਨੇੜੇ ਬੱਚੜੇ ਵਾਲੀ ਖੂਹੀ, ਤਰਨ ਤਾਰਨ

FT ਹੱਕ ਸੱਚ ਦੀ ਅਵਾਜ਼ ਫਤਿਹ ਟਾਈਮਜ਼ CHANNEL
ਮਿਆਰੀ ਖਬਰਾਂ ਦੇਖਣ ਲਈ fatehtimes channel ਨੂੰ ਜਰੂਰ ਸਬਸਕਰਾਈਬ ਕਰੋ।
ਫਤਿਹ ਟਾਈਮਜ਼ ਚੈਂਨਲ ਤੇ ਖਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
ਮੋ; 99885-37575


Editor,Owner and Publisher Sarbjot Singh Khalsa on behalf of Fateh Times online news and media company Regd:PB22000167, Published from Fateh Times H/O Mankdeka Road , Fatehabad, Tarntaran, Punjab - 143407
(ਅਦਾਲਤੀ ਸ਼ਿਕਾਇਤਾਂ ਅਤੇ ਝਗੜਿਆਂ ਦਾ ਨਿਪਟਾਰਾ ਕੇਵਲ ਲੋਕਲ ਸਬ ਡਵੀਜਨ ਖਡੂਰ ਸਾਹਿਬ ਵਿਖੇ ਹੀ ਹੋਵੇਗਾ।)

# ਗੁਰਸੇਵਕ ਸਿੰਘ ਸ਼ੇਖ ਨੇ ਗੁਰਮੱਖ ਸਿੰਘ ਨਾਲ ਕੀਤਾ ਦੁੱਖ ਸਾਂਝਾ



ਤਰਨ ਤਾਰਨ, 24 ਮਈ (ਐਸ ਐਸ ਸੰਧਾ) ਪਿੰਡ ਗੋਰਖਾ ਦੇ ਅਕਾਲੀ ਆਗੂ ਗੁਰਮੁੱਖ ਸਿੰਘ ਜਿਨ੍ਹਾਂ ਦੇ ਪਤਨੀ ਪਰਮਜੀਤ ਕੌਰ ਜੋ ਬੀਤੇ ਦਿਨੀ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਕੇ ਗੁਰੂ ਚਰਨਾ ਵਿਚ ਜਾ ਬਿਰਾਜੇ ਸਨ। ਸ਼੍ਰੋਮਣੀ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰ ਗੁਰਸੇਵਕ ਸਿੰਘ ਸ਼ੇਖ ਅਕਾਲੀ ਆਗੂ ਗਰਮੁੱਖ ਸਿੰਘ ਨਾਲ ਦੁੱਖ ਸਾਂਝਾ ਕਰਨ ਪਹੁੰਚੇ। ਉਨ੍ਹਾਂ ਕਿਹਾ ਸ਼੍ਰੋਮਣੀ ਅਕਾਲੀ ਦਲ ਇਸ ਦੁੱਖ ਦਿੱਤਾ ਘੜੀ ਵਿਚ ਸ੍ਰ ਗੁਰਮੁਖ ਸਿੰਘ ਨਾਲ ਖੜਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕੁਲਦੀਪ ਸਿੰਘ ਮੰਤਰੀ ਗੋਰਖਾ,ਜੋਗਿੰਦਰ ਸਿੰਘ ਸੰਮਤੀ ਮੈਂਬਰ ਕੁਲਵਿੰਦਰ ਸਿੰਘ ਸਾਬਕਾ ਸਰਪੰਚ, ਚਮਕੌਰ ਸਿੰਘ ਸਰਵਨ ਸਿੰਘ, ਗੁਰਪ੍ਰੀਤ ਸਿੰਘ ਸਰਪੰਚ ਖਹਿਰਾ ਤੋਂ ਇਲਾਵਾ ਹੋਰ ਅਕਾਲੀ ਵਰਕਰ ਹਾਜਰ ਸਨ।

# ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਝਬਾਲ ਦੇ ਸਾਬਕਾ ਮੀਤ ਪ੍ਰਧਾਨ ਦੀ ਲਾਸ਼ ਤਰਨ ਤਾਰਨ ਨੇੜੇ ਭੇਦ ਭਰੇ ਹਾਲਤ ਵਿੱਚ ਮਿਲਣ ਤੋਂ ਬਾਅਦ ਪਰਿਵਾਰਕ ਮੈਂਬਰਾਂ ਅਤੇ ਪਿੰਡ ਵਾਸੀਆਂ ਵਲੋਂ ਧਰਨਾ ਲਗਾਕੇ ਕੀਤਾ ਟ੍ਰੈਫਿਕ ਜਾਮ



ਝਬਾਲ, 24 ਮਈ (ਹਰਜਿੰਦਰ ਸਿੰਘ ਸੋਨੀ) ਗੁਰਦੁਆਰਾ ਬੀਬੀ ਵੀਰੋ ਜੀ ਝਬਾਲ ਦੀ ਲੋਕਲ ਪ੍ਰਬੰਧਕ ਕਮੇਟੀ ਦੇ ਸਾਬਕਾ ਮੀਤ ਪ੍ਰਧਾਨ ਗੁਰਨਾਮ ਸਿੰਘ ਸੱਲੋ ਵੱਲੋਂ ਜਿਹੜਾ ਕੱਲ ਤੋਂ ਘਰੋਂ ਲਾਪਤਾ ਦੱਸਿਆ ਜਾਂ ਰਿਹਾ ਸੀ ਦੀ ਲਾਸ਼ ਅੱਜ ਤਰਨ ਤਾਰਨ ਨੇੜਿਉਂ ਝਾੜੀਆਂ ਵਿੱਚੋਂ ਮਿਲਣ ਤੋਂ ਬਾਅਦ ਉਹਨਾਂ ਦੇ ਪਰਿਵਾਰਕ ਮੈਂਬਰਾਂ ਅਤੇ ਪਿੰਡ ਵਾਸੀਆਂ ਨੇ ਵੱਡੀ ਗਿਣਤੀ ਵਿੱਚ ਸਥਾਨਕ ਅੱਡਾ ਝਬਾਲ ਚੌਕ ਵਿੱਚ ਪਹੁੰਚਕੇ ਧਰਨਾ ਲਗਾਕੇ ਟ੍ਰੈਫਿਕ ਜਾਮ ਕਰਕੇ ਪੁਲਸ ਪ੍ਰਸ਼ਾਸਨ ਖ਼ਿਲਾਫ਼ ਨਾਹਰੇਬਾਜੀ ਕਰਦਿਆਂ ਦੋਸ਼ੀਆਂ ਖਿਲਾਫ ਕੇਸ ਦਰਜ ਕਰਕੇ ਉਹਨਾਂ ਨੂੰ ਗ੍ਰਿਫਤਾਰ ਕਰਨ ਦੀ ਮੰਗ ਕੀਤੀ। ਇਸ ਧਰਨੇ ਵਿੱਚ ਆਸ ਪੰਜਾਬ ਪਾਰਟੀ ਦੇ ਹਲਕਾ ਖਡੂਰ ਸਾਹਿਬ ਤੋਂ ਅਜਾਦ ਉਮੀਦਵਾਰ ਚੈਨ ਸਿੰਘ ਬੈਂਕਾ ਨੇ ਵੀ ਸਮਰਥਨ ਦਿੱਤਾ ਤੇ ਕਿਹਾ ਕਿ ਅਸੀਂ ਹਰ ਵੇਲੇ ਪੀੜਿਤ ਪਰਿਵਾਰ ਨਾਲ ਖੜੇ ਹਾਂ ਤੇ ਇਹਨਾਂ ਨੂੰ ਇਨਸਾਫ ਜਰੂਰ ਦਿਵਾਇਆ ਜਾਵੇਗਾ। ਇਸ ਸਮੇਂ ਧਰਨੇ ਤੇ ਬੇਠੇ ਪਿੰਡ ਵਾਸੀਆਂ ਸਮੇਤ ਗੱਲਬਾਤ ਕਰਦਿਆਂ ਮ੍ਰਿਤਕ ਗੁਰਨਾਮ ਸਿੰਘ ਦੀ ਪਤਨੀ ਸ਼ਿੰਦਰ ਕੌਰ ਅਤੇ ਬੇਟੀ ਸੁਨੀਤਾ ਨੇ ਕਿਹਾ ਕਿ ਗੁਰਨਾਮ ਸਿੰਘ ਜੋ ਕੱਲ ਸਵੇਰੇ ਦਾ ਘਰੋਂ ਮੋਟਰ ਸਾਈਕਲ ਤੇ ਗਿਆ ਸੀ ਪ੍ਰੰਤੂ ਦੇਰ ਰਾਤ ਵਾਪਸ ਨਾ ਆਉਣ ਕਰਕੇ ਅਸੀਂ ਉਹਨਾਂ ਦੀ ਭਾਲ ਕਰ ਰਹੇ ਸੀ ਕਿ ਸਵੇਰੇ ਸਾਨੂੰ ਪਤਾ ਲੱਗਾ ਕਿ ਤਰਨ ਤਾਰਨ ਨੇੜੇ ਡਰੇਨ ਤੇ ਝਾੜੀਆਂ ਨੇੜੇ ਇਕ ਲਾਸ਼ ਪਈ ਹੈ ਜਦੋਂ ਅਸੀਂ ਜਾ ਕੇ ਵੇਖਿਆ ਤਾਂ ਲਾਸ਼ ਗੁਰਨਾਮ ਸਿੰਘ ਝਬਾਲ ਦੀ ਹੀ ਸੀ। ਉਹਨਾਂ ਪਿੰਡ ਦੇ ਗੁਰਦੁਆਰਾ ਮਾਤਾ ਭਾਗ ਕੌਰ ਜੀ ਦੇ ਪ੍ਰਬੰਧਕਾਂ ਤੇ ਗੁਰਨਾਮ ਸਿੰਘ ਨੂੰ ਮਾਰਨ ਦੇ ਦੋਸ਼ ਲਗਾਉਂਦੇ ਹੋਏ ਕਿਹਾ ਕਿ ਪਿੱਛਲ ਦਿਨੀਂ ਮਾਤਾ ਭਾਗ ਕੌਰ ਜੀ ਦੇ ਪ੍ਰਬੰਧਕਾਂ ਵੱਲੋਂ ਜ਼ਬਰਦਸਤੀ ਗੁਰਦੁਆਰਾ ਸਾਹਿਬ ਨੇੜਿਉਂ ਪੰਚਾਇਤੀ ਛੱਪੜ ਮਿੱਟੀ ਪਾਕੇ ਪੂਰਿਆ ਜਾ ਰਿਹਾ ਸੀ ਜਿਸ ਨੂੰ ਗੁਰਨਾਮ ਸਿੰਘ ਤੇ ਸਾਥੀਆਂ ਨੇ ਅਜਿਹਾ ਕਰਨ ਤੋਂ ਰੋਕਿਆ ਸੀ ਕਿਉਂਕਿ ਉਥੇ ਪਿੰਡ ਦੇ ਘਰਾਂ ਦਾ ਪਾਣੀ ਪੈਂਦਾ ਹੈ ਜਿਸ ਦੇ ਚਲਦਿਆਂ ਪ੍ਰਬੰਧਕਾਂ ਵੱਲੋਂ ਨਤੀਜੇ ਭੁਗਤਨ ਲਈ ਤਿਆਰ ਰਹਿਣ ਦੀ ਧਮਕੀ ਦਿੱਤੀ ਸੀ। ਜਦੋਂ ਕਿ ਦੂਸਰੇ ਪਾਸੇ ਗੁਰਦੁਆਰਾ ਮਾਤਾ ਭਾਗ ਕੌਰ ਦੇ ਪ੍ਰਬੰਧਕਾਂ ਵੱਲੋਂ ਉਕਤ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਕਿ ਉਹਨਾਂ ਉੱਪਰ ਧਮਕੀ ਦੇਣ ਦਾ ਦੋਸ਼ ਬਿਲਕੁੱਲ ਗਲਤ ਹੈ ਜਦੋਂ ਕਿ ਮੈਂ ਕੱਲ ਹਰਿਆਣਾ ਗਿਆ ਸੀ ਜਿਸ ਦੇ ਪੁਖਤਾ ਸਬੂਤ ਮੇਰੇ ਕੋਲ ਹਨ ਅਤੇ ਇਹ ਜਾਣ ਬੁੱਝਕੇ ਝੂਠੇ ਇਲਜਾਮ ਸਾਡੇ ਤੇ ਲਗਾਏ ਜਾ ਰਹੇ ਹਨ।

**ਪੋਸਟਮਾਰਟਮ ਰਿਪੋਰਟ ਦੇ ਅਧਾਰ ਤੇ ਜਾਂਚ ਕਰਕੇ ਦੋਸ਼ੀਆਂ ਵਿਰੁੱਧ ਕੀਤੀ ਜਾਵੇਗੀ ਕਾਰਵਾਈ- ਡੀ ਐਸ ਪੀ:**ਇਸ ਸਮੇਂ ਧਰਨੇ ਤੇ ਬੈਠੇ ਪਰਿਵਾਰਕ ਮੈਂਬਰਾਂ ਅਤੇ ਪਿੰਡ ਵਾਸੀਆਂ ਨਾਲ ਗੱਲਬਾਤ ਕਰਦਿਆਂ ਡੀ ਐਸ ਪੀ ਸਿੱਟੀ ਤਰਸੇਮ ਮਸੀਹ ਨੇ ਕਿਹਾ ਕਿ ਮ੍ਰਿਤਕ ਦਾ ਪੋਸਟ ਮਾਰਟਮ ਕਰਵਾਇਆ ਜਾ ਰਿਹਾ ਹੈ ਸੋ ਵੀ ਰਿਪੋਰਟ ਆਵੇਗੀ ਉਸ ਦੇ ਹਿਸਾਬ ਨਾਲ ਜਾਂਚ ਕਰਕੇ ਜਿਹੜਾ ਵੀ ਦੋਸ਼ੀ ਹੋਇਆ ਚਾਹੇ ਕੋਈ ਵੀ ਉਸ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਕਿਸੇ ਨੂੰ ਬਖਸ਼ਿਆ ਨਹੀਂ ਜਾਵੇਗਾ।

ਹੱਕ ਸੱਚ ਦੀ ਆਵਾਜ਼
ਫਤਿਹ ਟਾਈਮਜ਼ CHANNEL

ਮਿਆਰੀ ਖ਼ਬਰਾਂ ਦੇਖਣ ਲਈ fatehtimes channel ਨੂੰ ਜਰੂਰ ਸਬਸਕਰਾਈਬ ਕਰੋ।

ਫਤਿਹ ਟਾਈਮਜ਼ ਚੈਨਲ ਤੇ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
ਮੋ; 99885-37575

# ਹਰਮਿੰਦਰ ਸਿੰਘ ਗਿੱਲ ਦੀ ਅਗਵਾਈ 'ਚ ਦਰਜਨਾਂ ਪਰਿਵਾਰ ਹੋਏ ਕਾਂਗਰਸ 'ਚ ਸ਼ਾਮਿਲ



ਚੋਹਲਾ ਸਾਹਿਬ, 24 ਮਈ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) ਪਿੰਡ ਰੂੜੀਵਾਲਾ ਤੋਂ ਆਮ ਆਦਮੀ ਪਾਰਟੀ ਨੂੰ ਉਸ ਵੇਲੇ ਵੱਡਾ ਝਟਕਾ ਲੱਗਾ ਜਦੋਂ ਹਲਕਾ ਪੱਟੀ ਤੋਂ ਕਾਂਗਰਸ ਪਾਰਟੀ ਨਾਲ ਸੰਬੰਧਿਤ ਸਾਬਕਾ ਵਿਧਾਇਕ ਹਰਮਿੰਦਰ ਸਿੰਘ ਗਿੱਲ ਦੀ ਅਗਵਾਈ ਹੇਠ ਦਰਜਨਾ ਪਰਿਵਾਰਾਂ ਨੇ ਆਮ ਆਦਮੀ ਪਾਰਟੀ ਦਾ ਪੱਲਾ ਛੱਡ ਕੇ ਕਾਂਗਰਸ ਵਿੱਚ ਸ਼ਾਮਿਲ ਹੋਣ ਦਾ ਐਲਾਨ ਕੀਤਾ। ਜਿਨਾਂ ਨੂੰ ਪਾਰਟੀ ਵਿੱਚ ਸ਼ਾਮਿਲ ਹੋਣ ਤੇ ਸਾਬਕਾ ਵਿਧਾਇਕ ਹਰਮਿੰਦਰ ਸਿੰਘ ਗਿੱਲ ਵੱਲੋਂ ਜੀ ਆਇਆ ਆਖਦੇ ਹੋਏ ਪਾਰਟੀ ਚਿੰਨ ਦੇ ਕੇ ਸਨਮਾਨਿਤ ਕੀਤਾ ਅਤੇ ਵਿਸ਼ਵਾਸ ਦਵਾਇਆ ਕਿ ਉਹਨਾਂ ਨੂੰ ਪਾਰਟੀ ਵਿੱਚ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ। ਇਸ ਮੌਕੇ ਪਿੰਡ ਦੇ ਜੁੜੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦੇ ਹੋਏ ਸਾਬਕਾ ਵਿਧਾਇਕ ਹਰਮਿੰਦਰ ਸਿੰਘ ਗਿੱਲ ਨੇ ਕਿਹਾ ਕਿ ਬਦਲਾ ਦੇ ਭਰਮ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਈ ਸੀ ਪਰ ਸੱਤਾ ਤੇ ਕਾਬਜ਼ ਹੋਣ ਤੋਂ ਬਾਅਦ ਪਾਰਟੀ ਆਗੂਆਂ ਨੇ ਜਨਤਾ ਨਾਲ ਕੀਤਾ ਕੋਈ ਵੀ ਵਾਅਦਾ ਪੂਰਾ ਨਹੀਂ ਕੀਤਾ, ਅੱਜ ਲੋਕ ਖ਼ੁਦ ਨੂੰ ਠੱਗਿਆ ਹੋਇਆ ਮਹਿਸੂਸ ਕਰ ਰਹੇ ਹਨ ਅਤੇ ਪਿੰਡ ਪਿੰਡ ਵਿੱਚੋਂ ਆਮ ਆਦਮੀ ਪਾਰਟੀ ਨੂੰ ਛੱਡ ਕੇ ਲੋਕ ਦੁਬਾਰਾ ਕਾਂਗਰਸ ਪਾਰਟੀ ਵਿੱਚ ਧੜਾ ਧੜ ਸ਼ਾਮਿਲ ਹੋ ਰਹੇ ਹਨ। ਉਹਨਾਂ ਕਿਹਾ ਕਿ ਪਿੰਡਾਂ ਵਿੱਚੋਂ ਮਿਲ ਰਹੇ ਪਿਆਰ ਸਦਕਾ ਕਾਂਗਰਸ ਪਾਰਟੀ ਵੱਲੋਂ ਹੁਣ ਲੋਕ ਸਭਾ ਚੋਣਾਂ ਲਈ ਐਲਾਨੇ ਗਏ ਉਮੀਦਵਾਰ ਕੁਲਬੀਰ ਸਿੰਘ ਜੀਰਾ ਹਲਕਾ ਖਡੂਰ ਸਾਹਿਬ ਤੋਂ ਸ਼ਾਨ ਨਾਲ ਜਿੱਤ ਪ੍ਰਾਪਤ ਕਰਕੇ ਲੋਕ ਸਭਾ ਵਿੱਚ ਇਸ ਹਲਕੇ ਦੀ ਆਵਾਜ਼ ਬੁਲੰਦ ਕਰਨਗੇ। ਅੱਜ ਪਿੰਡ ਰੂੜੀਵਾਲਾ ਤੋਂ ਕਾਂਗਰਸ ਪਾਰਟੀ ਵਿੱਚ ਸ਼ਾਮਿਲ ਹੋਣ ਵਾਲਿਆਂ ਵਿੱਚ ਹਰਪ੍ਰੀਤ ਸਿੰਘ, ਵਿਸ਼ਾਲਦੀਪ ਸਿੰਘ,ਰਾਜਵਿੰਦਰ ਸਿੰਘ ਰਾਜੂ,ਸ਼ਮਸ਼ੇਰ ਸਿੰਘ,ਸੰਨੀ,ਲਵਪ੍ਰੀਤ ਸਿੰਘ,ਪ੍ਰਮਜੀਤ ਸਿੰਘ,ਗੁਰਭੇਜ ਸਿੰਘ,ਗੁਰਪ੍ਰੀਤ ਸਿੰਘ,ਬਲਜੀਤ ਸਿੰਘ,ਗੁਰਭੇਜ ਸਿੰਘ,ਗੋਪੀ ਗੁਰਪ੍ਰੀਤ ਸਿੰਘ,ਬੀਬੀ ਬਲਜੀਤ ਕੌਰ ਅਤੇ ਬਾਬਾ ਜੋਗਾ ਸਿੰਘ ਦੇ ਨਾਮ ਵਰਨਣਯੋਗ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੈਂਬਰ ਦਰਸ਼ਨ ਸਿੰਘ, ਮੈਂਬਰ ਬਲਜੀਤ ਸਿੰਘ, ਕਰਮਜੀਤ ਸਿੰਘ,ਅਜੀਤ ਸਿੰਘ,ਸੁਖਵਿੰਦਰ ਸਿੰਘ ਸਿੰਦੂ,ਸਾਬਕਾ ਸਰਪੰਚ ਜੋਗਿੰਦਰ ਸਿੰਘ,ਤਾਰਾ ਸਿੰਘ,ਬਿਕਰਮਜੀਤ ਸਿੰਘ ਬਿੱਕਰ ਬਾਬੇ ਵਾਂਣੇ,ਸੁਖਦੇਵ ਸਿੰਘ,ਗੱਜਣ ਸਿੰਘ,ਲੱਖਾਂ ਸਿੰਘ,ਜਥੇਦਾਰ ਜਰਨੈਲ ਸਿੰਘ,ਦਲਜੀਤ ਸਿੰਘ,ਜਸਮੇਲ ਸਿੰਘ,ਨਿਰਵੈਰ ਸਿੰਘ,ਜੱਸਾ ਸਿੰਘ, ਲਵਪ੍ਰੀਤ ਸਿੰਘ ਲਵ , ਮੰਗਲ ਸਿੰਘ ਮੰਗੀ , ਪ੍ਰਤਾਪ ਸਿੰਘ ,ਰਾਜਾ ਸਿੰਘ , ਹਰਦੀਪ ਸਿੰਘ ਆਦਿ ਹਾਜ਼ਰ ਸਨ

# ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਦੇ ਚੋਣ ਪ੍ਰਚਾਰ ਲਈ ਮਖੂ ਦੇ ਬਜਾਰਾਂ 'ਚ ਪ੍ਰਚਾਰ ਕਰਨ ਲਈ ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਕਿਸਾਨ ਆਗੂਆਂ,ਇਲਾਕੇ ਦੇ ਪੰਚਾ ਸਰਪੰਚਾਂ ਤੇ ਆਮ ਨੌਜਵਾਨਾਂ ਨੇ ਵੱਡੀ ਗਿਣਤੀ 'ਚ ਹਿੱਸਾ ਲਿਆ

**ਮਖੂ ਸ਼ਹਿਰ ਦੇ ਹਿੰਦੂ ਵੀਰ ਦੁਕਾਨਦਾਰਾਂ ਰੇੜੀਆਂ ਫੜੀਆਂ ਮਜਦੂਰਾਂ ,ਐਸ ਸੀ ਭਾਈਚਾਰੇ ਨੇ ਭਰਵਾਂ ਸਵਾਗਤ ਕੀਤਾ -ਐਡਵੋਕੇਟ ਅਜੈਪਾਲ ਸਿੰਘ**





ਮਖੂ, 24 ਮਈ (ਸ਼ਬੇਗ ਸਿੰਘ) ਜਿਵੇਂ ਜਿਵੇਂ ਵੋਟਾ ਦੇ ਦਿਨ ਨੇੜੇ ਆ ਰਹੇ ਹਨ, ਹਰ ਪਾਰਟੀਂ ਆਪਣੇ ਉਮੀਦਵਾਰਾਂ ਦੇ ਲਈ ਡੋਰ ਟੂ ਡੋਰ ਜਾਕੇ ਪ੍ਰਚਾਰ ਕਰ ਰਹੀ ਹੈ, ਪਰ ਜੋ ਸਵਾਗਤ ਅਤੇ ਜੀ ਆਇਆਂ ਨੂੰ ਭਾਈ ਅਮ੍ਰਿਤਪਾਲ ਸਿੰਘ ਖਾਲਸਾ ਦੇ ਸਮਰਥਕਾਂ ਦੀ ਟੀਮ ਦਾ ਮਖੂ ਵਿਖੇ ਕੀਤਾ ਗਿਆ ਹੈ ,ਉਸਨੂੰ ਦੇਖ ਕੇ ਲੋਕਾਂ ਦੇ ਮਨਾਂ ਵਿਚ ਪਿਆਰ ਭਾਈ ਅਮ੍ਰਿਤਪਾਲ ਸਿੰਘ ਖਾਲਸਾ ਜੀ ਲਈ ਠਾਠਾਂ ਮਾਰ ਰਿਹਾ ਹੈ ,ਉਹ ਹੋਰ ਕਿਸੇ ਉਮੀਦਵਾਰ ਨੂੰ ਗਰਾਊਂਡ ਰਿਪੋਰਟ ਤੇ ਨਹੀਂ ਮਿਲ ਰਿਹਾ । ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਆਗੂ ਪਰਗਟ ਸਿੰਘ ਲਹਿਰਾ, ਗੁਰਵਿੰਦਰ ਸਿੰਘ ਬਾਹਰਵਾਲੀ, ਅਜੈਪਾਲ ਸਿੰਘ ਐਡਵੋਕੇਟ ਦੀ ਅਗਵਾਈ ਵਿਚ ਗੁਰਦੁਆਰਾ ਬਾਬਾ ਬਾਠਾਂ ਵਾਲਾ ਤੋਂ ਡੋਰ ਟੂ ਡੋਰ ਪ੍ਰਚਾਰ ਸ਼ੁਰੂ ਹੋ ਕੇ ਮਖੂ ਮੇਨ ਬਜਾਰ , ਰੇਲਵੇ ਰੋਡ ,ਜੀਰਾ ਮੋੜ ਤੱਕ ਜੋ ਸ਼ਹਿਰ ਵਾਸੀਆਂ ਨੇ, ਜਿੰਨਾਂ ਵਿਚ ਹਿੰਦੂ ਵੀਰ ਤੇ ਬਾਕੀ ਭਾਈਚਾਰੇ ਦੇ ਦੁਕਾਨਦਾਰ ,ਰੇੜ੍ਹੀ ਫੜ੍ਹੀ ਵਾਲੇ, ਮਜਦੂਰ ਵਰਗ ਦੇ ਲੋਕਾਂ ਵੱਲੋਂ ਭਾਈ ਅਮ੍ਰਿਤਪਾਲ ਸਿੰਘ ਖਾਲਸਾ ਜੀ ਦੀ ਟੀਮ ਦਾ ਜੋ ਸਵਾਗਤ ਸ਼ੋਸ਼ਲ ਮੀਡੀਆ ਅਤੇ ਪ੍ਰਿੰਟ ਮੀਡੀਆ ਦੇ ਪੱਤਰਕਾਰਾਂ ਦੀ ਹਾਜਰੀ ਵਿਚ ਹੋਇਆ ਹੈ ਉਹ ਦੇਖਣ ਯੋਗ ਸੀ ,ਹਰ ਦੁਕਾਨ ਦਾਰ ਠੰਢਾ ਮਿੱਠਾ ਜਲ ਤੇ ਹਾਰ ਪਾ ਕੇ ਸਵਾਗਤ ਕਰ ਰਿਹਾ ਸੀ ਤੇ ਵਿਸ਼ਵਾਸ਼ ਦਿਵਾ ਰਿਹਾ ਸੀ ਤੇ ਕਹਿ ਰਿਹਾ ਸੀ ਐਤਕੀ ਅਸੀਂ ਮੰਨ ਬਣਾ ਲਿਆ ਹੈ ਕਿ ਵੋਟ ਭਾਈ ਅਮ੍ਰਿਤਪਾਲ ਸਿੰਘ ਖਾਲਸਾ ਜੀ ਦੇ ਮਾਈਕ ਚੋਣ ਨਿਸ਼ਾਂਨ ਤੇ ਮੋਹਰ ਲਾਕੇ ਹੀ ਪਾਵਾਂਗੇ, ਜੋ ਪੰਜਾਬ ਦੇ ਹਿਤਾ ਦੀ ਗੱਲ ਦਿੱਲੀ ਦੀ ਲੋਕ ਸਭਾ ਵਿਚ ਜਾਕੇ ਸੈਂਟਰ ਸਰਕਾਰ ਦੀ ਅੱਖ ਵਿਚ ਅੱਖ ਪਾ ਕੇ ਪੰਜਾਬ ਦੇ ਹੱਕਾਂ ਦੀ ਅਵਾਜ ਸਿਰਫ ਦਿੱਲੀ ਤੱਕ ਹੀ ਨਹੀ ਸਗੋਂ ਵਰਲਡ ਲੈਵਲ ਤੱਕ ਪਹੁੰਚਾ ਸਕੇ । ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਆਗੂ, ਪਰਗਟ ਸਿੰਘ ਲਹਿਰਾ, ਗੁਰਵਿੰਦਰ ਸਿੰਘ ਬਾਹਰਵਾਲੀ, ਸ਼ਬੇਗ ਸਿੰਘ ਪ੍ਰੈਸ ਸਕਤਰ ਪੰਜਾਬ, ਐਸ ਸੀ ਵਿੰਗ ਦੇ ਪ੍ਰਧਾਂਨ ਬੋਹੜ ਸਿੰਘ ਅਪੰਗ ਲਹਿਰਾ ,ਬਲਵਿੰਦਰ ਸਿੰਘ ਫੌਜੀ, ਨਰਿੰਦਰ ਸਿੰਘ ਭੁੱਲਰ,ਡਾਕਟਰ ਬਲਵੰਤ ਸਿੰਘ ਸ਼ੀਹਾ ਪਾੜੀ , ਬਗੀਚਾ ਸਿੰਘ ਲਹਿਰਾ,ਬਾਬਾ ਬਲਵੀਰ ਸਿੰਘ ਜੱਗੇਵਾਲਾ, ਮਖੂ ਇਲਾਕੇ ਦੀ ਕੱਬਡੀ ਖਿਡਾਰੀਆ ਦੀ ਸਾਰੀ ਟੀਮ,ਸਿਰਮਨ ਸਿੰਘ ਮਾਨ, ਸਰਪੰਚ ਹਰਜਿੰਦਰ ਸਿੰਘ,ਜਗਦੀਪ ਸਿੰਘ ਭੁੱਲਰ,ਰਾਜ ਸਿੰਘ ਝੰਡਾ ਬੱਗਾ ਨਵਾਂ,ਕਾਬਲ ਸਿੰਘ ਬੂਟੇਵਾਲਾ,ਸਿਮਰਨਜੀਤ ਸੰਧੂ, ਦਰਸ਼ਨ ਸਿੰਘ, ਬਲਵਿੰਦਰ ਸਿੰਘ, ਕਸ਼ਮੀਰ ਸਿੰਘ ਰਸੂਲਪੁਰ,ਗੁਰਨਾਮ ਸਿੰਘ ਲਹਿਰਾ , ਬਗੀਚਾ ਸਿੰਘ ਲਹਿਰਾ,ਸੁਰਜਨ ਸਿੰਘ ਟਿੱਬੀ, ਗੁਰਲਾਲ ਸਿੰਘ ਸ਼ੀਹਾਪਾੜੀ,ਲਵਪ੍ਰੀਤ ਚੱਕੀਆ, ਗਗਨ ਮਖੂ, ਰਮਨ ਸਿੰਘ ਭਾਊ ਖਡੂਰ, ਅਤੇ ਹੋਰ ਬਹੁਤ ਸਾਰੇ ਨੌਜਵਾਨਾ ਦਾ ਜੋਸ਼ ਮੈਨਫੀਸਟੋ ਪਰਚੇ ਵੰਡਣ ਤੇ ਪੋਸਟਰ ਚਿਪਕਾਉਣ ਵਿਚ ਦੇਖਣ ਵਾਲਾ ਸੀ ,ਖਬਰ ਲਿਖੇ ਜਾਣ ਤੱਕ ਦੇਰ ਸ਼ਾਮ ਡੋਰ ਟੂ ਡੋਰ ਪ੍ਰਚਾਰ ਜਾਰੀ ਸੀ । ਜੋ ਆਉਣ ਵਾਲੇ ਦਿਨਾਂ ਵਿਚ ਹੋਰ ਵੀ ਪ੍ਰਚੰਡ ਰੂਪ ਵਿਚ ਨਜਰ ਆਵੇਗਾ ਤੇ ਲੋਕ ਆਪ ਮੁਹਾਰੇ ਇਸ ਲਹਿਰ ਨਾਲ ਜੁੜ ਰਹੇ ਹਨ ਅਤੇ ਭਾਈ ਸਾਹਿਬ ਜੀ ਦੀ ਜਿੱਤ ਵੱਡੀ ਲੀਡ ਨਾਲ ਇਤਿਹਾਸਕ ਜਿੱਤ ਵਿਚ ਦਰਜ ਹੋਵੇਗੀ।

# ਸੰਤ ਨਿਰੰਕਾਰੀ ਚੈਰੀਟੇਬਲ ਫਾਊਡੇਸ਼ਨ ਬ੍ਰਾਂਚ ਤਰਨ ਤਾਰਨ ਵੱਲੋਂ ਸਲਾਨਾ ਖੂਨਦਾਨ ਕੈਂਪ 26 ਮਈ ਨੂੰ : ਪ੍ਰੇਮ ਕੁਮਾਰ ਮੁੱਖੀ



ਫ਼ਤਿਹ ਟਾਈਮਜ਼ ਚੋਹਲਾ ਸਾਹਿਬ, 24 ਮਈ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) ਸਥਾਨਕ ਸੰਤ ਨਿਰੰਕਾਰੀ ਮਿਸ਼ਨ ਬ੍ਰਾਂਚ ਤਰਨ ਤਾਰਨ ਵੱਲੋਂ ਸਲਾਨਾ ਖੂਨਦਾਨ ਕੈਂਪ ਮਿਤੀ 26 ਮਈ ਦਿਨ ਐਤਵਾਰ ਸੰਤ ਨਿਰੰਕਾਰੀ ਸਤਿਸੰਗ ਭਗਨ ਬ੍ਰਾਂਚ ਤਰਨ ਤਾਰਨ ਵਿਖੇ ਲਗਾਇਆ ਜਾ ਰਿਹਾ ਹੈ।ਚੋਣਵੇਂ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਨਿੰਰਕਾਰੀ ਮਿਸ਼ਨ ਦੇ ਮੁੱਖੀ ਪ੍ਰੇਮ ਕੁਮਾਰ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਿਸ਼ਨ ਵੱਲੋਂ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਸਦਕਾ ਇੱਕ ਵਿਸ਼ਾਲ ਖੂਨਦਾਰ ਕੈਂਪ ਸਥਾਨਕ ਸੰਤ ਨਿਰੰਕਾਰੀ ਭਵਨ ਵਿਖੇ 9 ਵਜੇ ਤੋਂ ਲਗਾਇਆ ਜਾਵੇਗਾ।ਹੋਰ ਜਾਣਕਾਰੀ ਦਿੰਦੇ ਹੋਏ ਪ੍ਰੇਮ ਕੁਮਾਰ ਨੇ ਦੱਸਿਆ ਕਿ ਨਿਰੰਕਾਰੀ ਮਿਸ਼ਨ ਦੇ ਜੋਨਲ ਇੰਚਾਰਜ ਰਾਕੇਸ਼ ਸੇਠੀ ਵੀ ਇਸ ਖੂਨਦਾਨ ਕੈਂਪ ਵਿੱਚ ਵਿਸ਼ੇਸ਼ ਤੌਰ ਤੇ ਪਹੁੰਚ ਰਹੇ ਹਨ ਅਤੇ ਖੂਨਦਾਨ ਕਰਨ ਵਾਲੇ ਸ਼ਰਧਾਲੂਆਂ ਦਾ ਵਿਸ਼ੇਸ਼ ਸਨਮਾਨ ਕਰਨਗੇ।ਵਿਖੇ ਇਹ ਵੀ ਵਰਨਣਯੋਗ ਹੈ ਕਿ ਨਿਰੰਕਾਰੀ ਮਿਸ਼ਨ ਹਰ ਸਾਲ ਲਗਭਗ ਸੋ ਤੋਂ ਸੱਤ ਸੌ ਯੂਨਿਟ ਖੂਨਦਾਨ ਲਗਤਾਰ ਕਰਦਾ ਆ ਰਿਹਾ ਹੈ ਅਤੇ ਸਰਬੱਤ ਦੇ ਭਲੇ ਲਈ ਅਜਿਹੇ ਉਪਰਾਲੇ ਹਮੇਸ਼ਾਂ ਹੀ ਕਰਦਾ ਰਹੇਗਾ ਅੱਗੇ ਉਹਨਾਂ ਦੱਸਿਆ ਕਿ ਨਿਰੰਕਾਰੀ ਮਿਸ਼ਨ ਸਮਾਜ ਮੋਹਰੀ ਰਹੇਗਾ।ਇਸ ਸਮੇਂ ਲਖਵਿੰਦਰ ਸਿੰਘ,ਸ਼ਾਮ ਸਿੰਘ,ਰਕੇਸ਼ ਕੁਮਾਰ,ਐਡਵੋਕੇਟ ਸ਼ਰਨਪਾਲ ਸਿੰਘ ਚੌਹਾਨ,ਮਨਜੀਤ ਸਿੰਘ,ਤਰਸੇਮ ਸਿੰਘ,ਗੁਰਇਕਬਾਲ ਸਿੰਘ,ਸੁਰਜਨ ਸਿੰਘ,ਕਸ਼ਮੀਰ ਸਿੰਘ ਆਦਿ ਹਾਜਰ ਸਨ।

# ਬਾਬਾ ਗੁਰਮੁਖ ਸਿੰਘ ਬਾਬਾ ਉੱਤਮ ਸਿੰਘ ਸੀਨੀਅਰ ਸੈਕੰਡਰੀ ਸਕੂਲ ਖਡੂਰ ਸਾਹਿਬ ਦਾ ਦਸਵੀਂ ਕਲਾਸ ਦਾ ਨਤੀਜਾ 100 ਪ੍ਰਤੀਸ਼ਤ ਰਿਹਾ



ਫ਼ਤਿਹ ਟਾਈਮਜ਼ ਖਡੂਰ ਸਾਹਿਬ, 24 ਮਈ (ਗਿੱਲ) ਬਾਬਾ ਸੇਵਾ ਸਿੰਘ ਜੀ ਖਡੂਰ ਸਾਹਿਬ ਵਾਲਿਆਂ ਦੀ ਰਹਿਨੁਮਾਈ ਹੇਠ ਚੱਲ ਰਹੀ ਸੰਸਥਾ ਬਾਬਾ ਗੁਰਮੁਖ ਸਿੰਘ ਬਾਬਾ ਉੱਤਮ ਸਿੰਘ ਸੀਨੀਅਰ ਸੈਕੰਡਰੀ ਸਕੂਲ ਖਡੂਰ ਸਾਹਿਬ ਦੇ ਦਸਵੀਂ ਕਲਾਸ ਦਾ ਨਤੀਜਾ 100 ਪ੍ਰਤੀਸ਼ਤ ਰਿਹਾ। ਸਕੂਲ ਦੇ ਵਿਦਿਆਰਥੀ ਸੁਖਦੀਪ ਸਿੰਘ ਨੇ ਪਹਿਲਾ ਸਥਾਨ ਹਾਸਿਲ ਕਰਦੇ ਹੋਏ 96.3 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ, ਹਰਮੀਤ ਕੌਰ ਨੇ 96.1 ਪ੍ਰਤੀਸ਼ਤ ਅੰਕ ਲੈ ਕੇ ਦੂਜਾ ਸਥਾਨ ਰਾਜਪ੍ਰੀਤ ਕੌਰ ਨੇ 96.0 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਸਕੂਲ ਦੇ ਪ੍ਰਿੰਸੀਪਲ ਮੈਡਮ ਮਮਤਾ ਕੌਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸੈਸ਼ਨ 2023-24 ਦੀ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਪ੍ਰੀਖਿਆ ਵਿੱਚ ਸਕੂਲ ਦੇ 113 ਵਿਦਿਆਰਥੀਆਂ ਵੱਲੋਂ ਇਮਤਿਹਾਨ ਦਿੱਤਾ ਗਿਆ ਸੀ, ਜ੍ਹਿਨਾਂ ਵਿੱਚੋਂ 27 ਵਿਦਿਆਰਥੀਆਂ ਵੱਲੋਂ 90 ਪ੍ਰਤੀਸ਼ਤ ਤੋਂ ਉੱਪਰ ਅੰਕ ਪ੍ਰਾਪਤ ਕੀਤੇ ਗਏ। 41ਵਿਦਿਆਰਥੀਆਂ ਵੱਲੋਂ 80 ਪ੍ਰਤੀਸ਼ਤ ਤੋਂ ਉੱਪਰ ਅੰਕ ਪ੍ਰਾਪਤ ਕੀਤੇ ਗਏ। ਉਹਨਾਂ ਕਿਹਾ ਕਿ ਸਕੂਲ ਦੇ ਅਧਿਆਪਕ ਸਾਹਿਬਾਨਾਂ ਅਤੇ ਵਿਦਿਆਰਥੀਆਂ ਦੀ ਸਖਤ ਮਿਹਨਤ ਸਦਕਾ ਅਤੇ ਵਾਹਿਗੁਰੂ ਜੀ ਦੀ ਬਖਸ਼ਿਸ਼ ਨਾਲ ਸਕੂਲ ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਲਈ ਗਈ ਪ੍ਰੀਖਿਆ ਦਾ ਨਤੀਜਾ ਵਧੀਆ ਆਉਣ ਤੇ ਉਹਨਾਂ ਵਲੋਂ ਸਕੂਲ ਦੇ ਵਿਦਿਆਰਥੀਆਂ, ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ। ਇਸ ਮੌਕੇ ਹੈੱਡ ਮਿਸਟ੍ਰੈਸ ਮੈਡਮ ਪਰਮਿੰਦਰ ਕੌਰ,ਹਰਦੀਪ ਕੌਰ,ਜਸਮੀਨ ਕੌਰ,ਨਵਦੀਪ ਕੌਰ ,ਹਰਜੀਤ ਕੌਰ ,ਅਮਨਪ੍ਰੀਤ ਕੌਰ ,ਅਮਨਦੀਪ ਕੌਰ ,ਰਣਜੀਤ ਕੌਰ,ਅਮਨਪ੍ਰੀਤ ਕੌਰ ,ਸੀਤਲ ਕੌਰ , ਕੁਲਵਿੰਦਰ ਕੌਰ ,ਕਿਰਨ ਬਾਲਾ, ਪਰਵਿੰਦਰ ਕੌਰ ,ਮੁਸਕਾਨ,ਜਗਮੋਹਨ ਸ਼ਰਮਾ ,ਨਵਪ੍ਰੀਤ ਸਿੰਘ, ਆਦਿ ਹਾਜਰ ਸਨ।


Hotel
EURO
PALACE
&
Restorent
Mandi road
Rewalsar
Wi fi & Rooms
Available
Mob:9817679963

# ਵਲਟੋਹਾ ਵਿਖੇ ਆਮ ਪਾਰਟੀ ਦੇ ਉਮੀਦਵਾਰ ਲਾਲਜੀਤ ਭੁੱਲਰ ਦੀ ਚੋਣ ਮੁਹਿੰਮ ਨੂੰ ਭਰਵਾਂ ਹੁੰਗਾਰਾ




ਫ਼ਤਿਹ ਟਾਈਮਜ਼ ਅਮਰਕੋਟ, 24 ਮਈ (ਹਰਜੀਤ ਸਿੰਘ ਵਲਟੋਹਾ) ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਲਾਲਜੀਤ ਸਿੰਘ ਭੁੱਲਰ ਦੇ ਹੱਕ ਵਿੱਚ ਪਿੰਡ ਵਲਟੋਹਾ ਵਿਖੇ ਵਲਟੋਹਾ ਦੀਆਂ ਚਾਰੇ ਪੰਚਾਇਤਾਂ ਅਤੇ ਆਮ ਪਾਰਟੀ ਦੇ ਸੀਨੀਅਰ ਆਗੂ ਦਲਜੀਤ ਸਿੰਘ ਮੰਡ, ਦਿਲਬਾਗ ਸਿੰਘ ਫੌਜੀ, ਜਰਮਲ ਸਿੰਘ ਸਰਪੰਚ, ਮਨਜੀਤ ਸਿੰਘ ਦਿਓਲ, ਗੁਰਜੰਟ ਸਿੰਘ ਸੰਧੂ ਅਤੇ ਬਲਾਕ ਪ੍ਰਧਾਨ ਸੁੱਖ ਲਲਿਆਣੀ ਵਾਲਿਆਂ ਦੀ ਅਗਵਾਈ ਹੇਠ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਆਮ ਆਦਮੀ ਪਾਰਟੀ ਦੀ ਮੀਟਿੰਗ ਹੋਈ,ਇਸ ਮੌਕੇ ਵਿਧਾਇਕ ਸਰਵਣ ਸਿੰਘ ਧੁੰਨ, ਚੇਅਰਮੈਨ ਗੁਰਵਿੰਦਰ ਸਿੰਘ ਬਹਿੜਵਾਲ, ਚੇਅਰਮੈਨ ਬਲਜੀਤ ਸਿੰਘ ਖਹਿਰਾ ਤੋ ਇਲਾਵਾ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਦੇ ਵਰਕਰ ਅਤੇ ਵੋਟਰ ਸਪੋਰਟਰ ਹਾਜ਼ਰ ਰਹੇ, ਇਸ ਮੌਕੇ ਮੀਟਿੰਗ ਵਿੱਚ ਪਾਹੁੰਚੇ ਹੋਏ ਵਰਕਰਾਂ ਨੂੰ ਸੰਬੋਧਨ ਕਰਦੇ ਹੋਏ ਹਲਕਾ ਵਿਧਾਇਕ ਸਰਵਨ ਸਿੰਘ ਧੁੰਨ ਨੇ ਆਮ ਆਦਮੀ ਪਾਰਟੀ ਵੱਲੋਂ ਦੋ ਸਾਲਾਂ ਦਰਮਿਆਨ ਕੀਤੇ ਗਏ ਵਿਕਾਸ ਕਾਰਜਾਂ ਤੋਂ ਜਾਣੂ ਕਰਵਾਇਆ, ਉਨ੍ਹਾਂ ਕਿਹਾ ਕਿ ਸੂਬੇ ਅੰਦਰ ਸਿਹਤ ਸਹੂਲਤਾਂ ਪਹਿਲਾਂ ਨਾਲੋਂ ਕਿਤੇ ਬੇਹਤਰ ਹੋਈਆਂ ਹਨ, ਸਿੱਖਿਆ ਦਾ ਮਿਆਰ ਦਿਨ ਬ ਦਿਨ ਉੱਪਰ ਜਾ ਰਿਹਾ ਹੈ, ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾ ਰਹੇ ਹਨ, ਭ੍ਰਿਸ਼ਟਾਚਾਰ ਨੂੰ ਠੱਲ੍ਹ ਪੈ ਚੁੱਕੀ ਹੈ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰ ਵੱਲੋਂ ਹਰ ਦਿਨ ਲੋਕ ਪੱਖੀ ਫੈਸਲੇ ਲਏ ਜਾ ਰਹੇ ਹਨ,ਜੋ ਪੰਜਾਬ ਦੀ ਜਨਤਾ ਲਈ ਲਾਹੇਵੰਦ ਸਾਬਤ ਹੋ ਰਹੇ ਹਨ, ਧੁਨ ਨੇ ਕਿਹਾ ਕਿ ਆਉਣ ਵਾਲੇ ਕੁਝ ਸਮੇਂ ਵਿੱਚ ਸਰਕਾਰ ਵੱਲੋਂ ਇਸ ਤਰ੍ਹਾਂ ਦੀਆਂ ਨੀਤੀਆਂ ਉਲੀਕਿਆ ਗਈਆਂ ਹਨ ਜਿਸ ਨਾਲ ਪੰਜਾਬ ਵਿਕਾਸ ਪੱਖੋਂ ਸਭ ਤੋਂ ਮੋਹਰੀ ਸੂਬਾ ਬਣਨ ਜਾ ਰਿਹਾ ਹੈ, ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਚੇਅਰਮੈਨ ਗੁਰਦੇਵ ਸਿੰਘ ਲਾਖਣਾ , ਚੇਅਰਮੈਨ ਬਲਜੀਤ ਸਿੰਘ ਖਹਿਰਾ, ਜਿਲਾ ਯੋਜਨਾ ਬੋਰਡ ਦੇ ਚੇਅਰਮੈਨ ਗੁਰਵਿੰਦਰ ਸਿੰਘ ਬਹਿੜਵਾਲ, ਸੁਖਬੀਰ ਸਿੰਘ ਵਲਟੋਹਾ,ਨੇ ਕਿਹਾ ਕਿ ਲੋਕ ਸਭਾ ਹਲਕਾ ਖਡੂਰ ਸਾਹਿਬ ਅਤੇ ਪੂਰੇ ਪੰਜਾਬ ਵਿੱਚੋਂ ਆਮ ਆਦਮੀ ਪਾਰਟੀ ਵੱਡੀ ਜਿੱਤ ਪ੍ਰਾਪਤ ਕਰਨ ਜਾ ਰਹੀ ਹੈ, ਕਿਉਂਕਿ ਪੰਜਾਬ ਸਰਕਾਰ ਵੱਲੋਂ ਆਪਣੇ ਦੋ ਸਾਲਾਂ ਦੇ ਕਾਰਜਕਾਲ ਦੌਰਾਨ ਜੋ ਲੋਕ ਪੱਖੀ ਫੈਸਲੇ ਲਏ ਗਏ ਹਨ ਉਨ੍ਹਾਂ ਤੋਂ ਪੰਜਾਬ ਦੀ ਜਨਤਾ ਕਾਫੀ ਪ੍ਰਭਾਵਿਤ ਹੋਈ ਹੈ ਅਤੇ ਪੰਜਾਬ ਦੇ ਲੋਕ ਸਮਝ ਚੁੱਕੇ ਹਨ ਕਿ ਜੇਕਰ ਪੰਜਾਬ ਨੇ ਆਪਣੇ ਹੱਕ ਲੈਣੇ ਹਨ ਤਾਂ ਪਾਰਲੀਮੈਂਟ ਵਿੱਚ ਪੰਜਾਬ ਦਾ ਨਾਮ ਗੂੰਜਣਾ ਬਹੁਤ ਜ਼ਰੂਰੀ ਹੈ,ਇਸ ਇਸ ਮੌਕੇ ਵਲਟੋਹਾ ਦੇ ਆਪ ਆਗੂਆ ਦੀ ਪ੍ਰੇਰਨਾ ਸਦਕਾ ਪਿੰਡ ਵਲਟੋਹਾ ਦੇ 50 ਪਰਿਵਾਰਾਂ ਨੇ ਕਾਂਗਰਸ ਅਤੇ ਅਕਾਲੀ ਦਲ ਨੂੰ ਛੱਡ ਕੇ ਆਮ ਆਦਮੀ ਪਾਰਟੀ ਦਾ ਪੱਲਾ ਫੜਿਆ। ਇਸ ਮੌਕੇ ਵਿਧਾਇਕ ਸਰਵਨ ਸਿੰਘ ਧੁੰਨ ਨੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਣ ਵਾਲੇ ਪਰਿਵਾਰਾਂ ਨੂੰ ਜੀ ਆਇਆ ਆਖਿਆ।ਇਸ ਮੌਕੇ ਦਿਲਬਾਗ ਸਿੰਘ ਫੌਜੀ ਵਲਟੋਹਾ, ਦਲਜੀਤ ਸਿੰਘ ਮੰਡ, ਗੁਰਜੰਟ ਸਿੰਘ ਸੰਧੂ, ਕਰਮਜੀਤ ਸਿੰਘ ਦਿਓਲ, ਹਰਜੀਤ ਸਿੰਘ ਦਿਓਲ, ਬਲਾਕ ਪ੍ਰਧਾਨ ਸੁੱਖ ਵਲਟੋਹਾ, ਗੁਰਲਾਲ ਸਿੰਘ, ਹਰਜਿੰਦਰ ਸਿੰਘ ਮੈਂਬਰ ,ਮੁਖਤਿਆਰ ਸਿੰਘ ਵੇਗਲੀਆ, ਬਲਦੇਵ ਸਿੰਘ ਪ੍ਰਧਾਨ ,ਦਰਬਾਰਾ ਸਿੰਘ ਵਲਟੋਹਾ, ਸਾਬਕਾ ਸਰਪੰਚ ਬਲਦੇਵ ਸਿੰਘ ਥੇਹ, ਗੁਰਪਾਲ ਸਿੰਘ ਥੇਹ ਸਰਹਾਲੀ, ਨਿਰਮਲ ਸਿੰਘ ਗੜਾ, ਸੁਖਬੀਰ ਸਿੰਘ ਮੰਡ, ਪਰਮਿੰਦਰ ਸਿੰਘ, ਗੁਰਦੇਵ ਸਿੰਘ ਫੌਜੀ, ਬਿੱਟੂ ,ਹੋਸ਼ਿਆਰ ਸਿੰਘ ਜੋਧ ਸਿੰਘ ਵਾਲਾ ਅਤੇ ਵੱਡੀ ਗਿਣਤੀ ਆਗੂ ਤੇ ਵਰਕਰ ਹਾਜ਼ਰ ਸਨ।

# ਅੱਜ (25 ਮਈ) ਵਿਸ਼ਵ ਫੁੱਟਬਾਲ ਦਿਵਸ ‘ਤੇ ਵਿਸ਼ੇਸ਼



ਫ਼ਤਿਹ ਟਾਈਮਜ਼ ਅਮਰੀਕਾ, ਕਨੇਡਾ ਅਤੇ ਆਸਟਰੇਲੀਆ ਵਿੱਚ ‘ਸਾਕਰ’ ਦੇ ਨਾਮ ਨਾਲ ਜਾਣੀ ਜਾਂਦੀ ਫੁੱਟਬਾਲ ਦੁਨੀਆ ਦੀ ਸਭ ਤੋਂ ਵੱਧ ਖੇਡੀ ਜਾਣ ਵਾਲੀ ਤੇ ਮਕਬੂਲ ਖੇਡ ਹੈ। ਮੈਦਾਨ ਵਿੱਚ ਫੁੱਟਬਾਲ ਖੇਡ ਰਹੇ ਖਿਡਾਰੀਆਂ ਵਿੱਚ ਜਿਸ ਤਰ੍ਹਾਂ ਦਾ ਜੋਸ਼ ਵੇਖਣ ਨੂੰ ਮਿਲਦਾ ਹੈ ਉਸੇ ਤਰ੍ਹਾਂ ਦਾ ਉਤਸ਼ਾਹ ਹੀ ਮੈਚ ਵੇਖ ਰਹੇ ਦਰਸ਼ਕਾਂ ਵਿੱਚ ਵੀ ਵੇਖਣ ਨੂੰ ਮਿਲਦਾ ਹੈ। ਭਾਵੇਂ ਫੁੱਟਬਾਲ ਦੇ ਹਰੇਕ ਮੈਚ ਦੌਰਾਨ ਫੁੱਟਬਾਲ ਪ੍ਰੇਮੀਆਂ ਲਈ ਜਸ਼ਨ ਵਾਲਾ ਮਾਹੌਲ ਹੀ ਹੁੰਦਾ ਹੈ ਪਰ ਸੰਯੁਕਤ ਰਾਸ਼ਟਰ ਮਹਾਂ ਸਭਾ ਵੱਲੋਂ 25 ਮਈ ਨੂੰ ਵਿਸ਼ਵ ਫੁੱਟਬਾਲ ਦਿਵਸ ਵਜੋਂ ਮਨਾਉਣ ਦੀ ਘੋਸ਼ਣਾ ਕਰਨ ਨਾਲ ਫੁੱਟਬਾਲ ਪ੍ਰੇਮੀਆਂ ਨੂੰ ਆਪਣੀ ਮਹਿਬੂਬ ਖੇਡ ਦੇ ਜਸ਼ਨ ਮਨਾਉਣ ਲਈ ਇੱਕ ਖਾਸ ਦਿਨ ਮਿਲ ਗਿਆ ਹੈ। 25 ਮਈ ਨੂੰ ਇਸ ਵਾਰ ਮਨਾਏ ਜਾ ਰਹੇ ਪਹਿਲੇ ਵਿਸ਼ਵ ਫੁੱਟਬਾਲ ਦਿਵਸ ਮੌਕੇ ਪੂਰੀ ਦੁਨੀਆ ਵਿੱਚ ਫੁੱਟਬਾਲ ਮੈਚ, ਫੁੱਟਬਾਲ ਖੇਡ ਨਾਲ ਸਬੰਧਤ ਪ੍ਰਦਰਸ਼ਨੀਆਂ ਤੇ ਸੈਮੀਨਾਰ ਆਦਿ ਕਰਵਾਏ ਜਾਣਗੇ ਅਤੇ ਫੁੱਟਬਾਲ ਪ੍ਰੇਮੀ ਆਪਣੇ ਮਹਿਬੂਬ ਖਿਡਾਰੀਆਂ ਨੂੰ ਯਾਦ ਕਰਨਗੇ। ਫੁੱਟਬਾਲ ਲਈ ਇੱਕ ਵਿਸ਼ੇਸ਼ ਦਿਨ ਅਪਣਾਉਣ ਦਾ ਸਿਹਰਾ ਲੀਬੀਆ ਦੇ ਰਾਜਦੂਤ ਤਾਹਿਰ ਅਲ-ਸੋਨੀ ਨੂੰ ਜਾਂਦਾ ਹੈ। 7 ਮਈ 2024 ਨੂੰ ਸੰਯੁਕਤ ਰਾਸ਼ਟਰ ਮਹਾਂ ਸਭਾ ਦੀ ਜਨਰਲ ਅਸੈਂਬਲੀ ਦੀ ਨਿਊਯਾਰਕ ਵਿਖੇ ਹੋਈ ਬੈਠਕ ਵਿੱਚ ਲੀਬੀਆ ਦੇ ਰਾਜਦੂਤ ਤਾਹਿਰ ਅਲ-ਸੋਨੀ ਨੇ ਹਰ ਸਾਲ 25 ਮਈ ਨੂੰ ਵਿਸ਼ਵ ਫੁੱਟਬਾਲ ਦਿਵਸ ਵਜੋਂ ਮਨਾਉਣ ਸਬੰਧੀ ਇੱਕ ਪ੍ਰਸਤਾਵ ਪੇਸ਼ ਕੀਤਾ ਸੀ। ਉਸ ਦੇ ਇਸ ਪ੍ਰਸਤਾਵ ਦਾ ਸੰਯੁਕਤ ਰਾਸ਼ਟਰ ਦੇ 160 ਤੋਂ ਵੱਧ ਮੈਂਬਰਾਂ ਵੱਲੋਂ ਸਮਰਥਨ ਕੀਤਾ ਗਿਆ ਸੀ। ਪ੍ਰਸਤਾਵ ਪੇਸ਼ ਕਰਦਿਆਂ ਅਲ-ਸੋਨੀ ਨੇ ਕਿਹਾ ਸੀ ਕਿ ਦੁਨੀਆ ਭਰ ਦੇ 200 ਤੋਂ ਜਿਆਦਾ ਦੇਸ਼ਾਂ ਦੇ ਸਕੂਲਾਂ, ਕਾਲਜਾਂ, ਗਲੀਆਂ, ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਵਿੱਚ ਫੁੱਟਬਾਲ ਬੜੇ ਉਤਸ਼ਾਹ ਨਾਲ ਖੇਡੀ ਜਾਂਦੀ ਹੈ। ਫੁੱਟਬਾਲ ਦੁਨੀਆ ਦੀ ਸਭ ਤੋਂ ਪਸੰਦੀਦਾ ਤੇ ਪ੍ਰਸਿੱਧ ਖੇਡ ਹੈ। ਅੱਜ ਫੁੱਟਬਾਲ ਇੱਕ ਖੇਡ ਤੋਂ ਵੀ ਅੱਗੇ ਵਧ ਕੇ ਸੱਭਿਆਚਾਰਕ, ਸਮਾਜਿਕ ਅਤੇ ਆਰਥਿਕ ਰੁਕਾਵਟਾਂ ਨੂੰ ਪਾਰ ਕਰਦੀ ਹੋਈ ਦੁਨੀਆ ਭਰ ਵਿੱਚ ਬੋਲੀ ਜਾਣ ਵਾਲੀ ਇੱਕ ਵਿਸ਼ਵ ਵਿਆਪੀ ਭਾਸ਼ਾ ਵਜੋਂ ਕੰਮ ਕਰ ਰਹੀ ਹੈ। ਉਸ ਦਾ ਇਹ ਪ੍ਰਸਤਾਵ 193 ਮੈਂਬਰੀ ਜਨਰਲ ਅਸੈਂਬਲੀ ਨੇ ਪ੍ਰਧਾਨ ਡੇਨਿਸ ਫਰਾਂਸਿਸ ਦੀ ਅਗਵਾਈ ਵਿੱਚ ਸਰਬਸੰਮਤੀ ਨਾਲ ਪਾਸ ਕਰਕੇ 25 ਮਈ ਨੂੰ ਵਿਸ਼ਵ ਫੁੱਟਬਾਲ ਦਿਵਸ ਵਜੋਂ ਮਨਾਉਣ ਦਾ ਐਲਾਨ ਕੀਤਾ ਹੈ।

ਫੁੱਟਬਾਲ ਦਾ ਇਤਿਹਾਸ:

ਮੱਧ ਕਾਲੀਨ ਯੁੱਗ ਵਿੱਚ ਵੀ ਇੰਗਲੈਂਡ ਵਿੱਚ ਫੁੱਟਬਾਲ ਖੇਡੀ ਜਾਂਦੀ ਸੀ ਪਰ ਉਸ ਸਮੇਂ ਖੇਡ ਦੇ ਨਿਯਮ ਇਕਸਾਰ ਨਹੀਂ ਸਨ ਅਤੇ ਸਥਾਨਕ ਪੱਧਰ ‘ਤੇ ਲੋੜ ਅਨੁਸਾਰ ਆਪਣੇ-ਆਪਣੇ ਨਿਯਮ ਬਣਾ ਲਏ ਜਾਂਦੇ ਸਨ। ਕਾਫੀ ਸਮਾਂ ਬੀਤਣ ਤੋਂ ਬਾਅਦ 1863 ਵਿੱਚ ਜਾ ਕੇ ਇੰਗਲੈਂਡ ਵਿੱਚ ਫੁੱਟਬਾਲ ਐਸੋਸ਼ੀਏਸ਼ਨ ਦਾ ਗਠਨ ਕੀਤਾ ਗਿਆ ਅਤੇ ਫੁੱਟਬਾਲ ਖੇਡ ਲਈ ਇਕਸਾਰ ਨਿਯਮ ਬਣਾਏ ਗਏ। ਉਸ ਤੋਂ ਬਾਅਦ 1904 ਵਿੱਚ ਇੰਟਰਨੈਸ਼ਨਲ ਫੈਡਰੇਸ਼ਨ ਆਫ ਐਸੋਸੀਏਸ਼ਨ ਫੁੱਟਬਾਲ (ਫੀਫਾ) ਦੀ ਸਥਾਪਨਾ ਹੋਈ। ਫੀਫਾ ਦੇ ਹੋਂਦ ਵਿੱਚ ਆਉਣ ਨਾਲ ਫੁੱਟਬਾਲ ਨੂੰ ਬੜਾ ਬਲ ਮਿਲਿਆ ਅਤੇ ਅੰਤਰਰਾਸ਼ਟਰੀ ਪੱਧਰ ‘ਤੇ ਇਸ ਖੇਡ ਦਾ ਬਹੁਤ ਪਸਾਰ ਹੋਇਆ। ਫੀਫਾ ਨੇ ਫੁੱਟਬਾਲ ਦੇ ਪੁਰਾਣੇ ਨਿਯਮਾਂ ਵਿੱਚ ਸੁਧਾਰ ਕਰਦਿਆਂ ਇਸ ਖੇਡ ਨੂੰ ਬੜਾ ਤੇਜ ਤਰਾਰ ਬਣਾ ਦਿੱਤਾ। ਫੁੱਟਬਾਲ ਦੀ ਦਿਨੋ-ਦਿਨ ਵਧਦੀ ਹਰਮਨ ਪਿਆਰਤਾ ਨੂੰ ਵੇਖਦੇ ਹੋਏ 1924 ਦੀਆਂ ਪੈਰਿਸ ਓਲੰਪਿਕ ਖੇਡਾਂ ਵਿੱਚ ਫੁੱਟਬਾਲ ਨੂੰ ਵੀ ਸ਼ਾਮਲ ਕੀਤਾ ਗਿਆ। ਅੱਜ ਦੁਨੀਆ ਦੇ 200 ਤੋਂ ਵੀ ਜਿਆਦਾ ਦੇਸ਼ਾਂ ਵਿੱਚ ਫੁੱਟਬਾਲ ਲੋਕਾਂ ਦੀ ਹਰਮਨ ਪਿਆਰੀ ਖੇਡ ਵਜੋਂ ਸਥਾਪਤ ਹੋ ਚੁੱਕੀ ਹੈ। 25 ਮਈ ਦਾ ਦਿਨ ਹੀ ਕਿਉਂ ਚੁਣਿਆ:

25 ਮਈ ਨੂੰ ਵਿਸ਼ਵ ਫੁੱਟਬਾਲ ਦਿਵਸ ਮਨਾਉਣ ਦਾ ਫੈਸਲਾ ਇਸ ਲਈ ਕੀਤਾ ਗਿਆ ਸੀ ਕਿਉਂਕਿ ਪੈਰਿਸ (ਫਰਾਂਸ) ਵਿਖੇ ਆਯੋਜਿਤ ਓਲੰਪਿਕ ਖੇਡਾਂ ਵਿੱਚ 1924 ਨੂੰ ਇਸੇ ਦਿਨ ਹੀ ਅੰਤਰ ਰਾਸ਼ਟਰੀ ਫੁੱਟਬਾਲ ਮੁਕਾਬਲੇ ਆਰੰਭ ਹੋਏ ਸਨ। ਇਹਨਾਂ ਮੁਕਾਬਲਿਆਂ ਵਿੱਚ ਦੁਨੀਆ ਦੇ ਸਾਰੇ ਖੇਤਰਾਂ ਵਿੱਚੋਂ 13 ਦੇਸ਼ਾ ਦੀਆਂ ਟੀਮਾਂ ਨੇ ਭਾਗ ਲਿਆ ਸੀ। ਸੰਯੁਕਤ ਰਾਸ਼ਟਰ ਮਹਾਂਸਭਾ ਵੱਲੋਂ ਇਹਨਾਂ ਖੇਡ ਮੁਕਾਬਲਿਆਂ ਦੀ 100ਵੀਂ ਵਰ੍ਹੇਗੰਢ ਮਨਾਉਣ ਲਈ ਹੀ 25 ਮਈ ਦਾ ਇਹ ਦਿਨ ਵਿਸ਼ਵ ਫੁੱਟਬਾਲ ਦਿਵਸ ਵਜੋਂ ਚੁਣਿਆ ਗਿਆ ਹੈ। ਫੁੱਟਬਾਲ ਦਿਵਸ ਦਾ ਉਦੇਸ਼:

ਫੁੱਟਬਾਲ ਦਿਵਸ ਮਨਾਉਣ ਦਾ ਉਦੇਸ਼ ਫੁੱਟਬਾਲ ਦੇ ਸਕਾਰਾਤਮਕ ਪ੍ਰਭਾਵਾਂ ਨੂੰ ਦੁਨੀਆ ਵਿੱਚ ਫੈਲਾਉਣਾ ਅਤੇ ਦੁਨੀਆ ਵਿੱਚ ਆਪਸੀ ਪਿਆਰ, ਮਿਲਵਰਤਨ, ਏਕਤਾ, ਸਹਿਯੋਗ ਅਤੇ ਭਾਈਚਾਰੇ ਦੀ ਭਾਵਨਾ ਦਾ ਵਿਕਾਸ ਕਰਨਾ ਹੈ। ਵੱਖ-ਵੱਖ ਦੇਸ਼ਾਂ ਨੂੰ ਆਪਣੇ ਗਿਲੇ-ਸ਼ਿਕਵੇ ਭੁਲਾ ਕੇ ਇੱਕ ਦੂਸਰੇ ਦੇ ਨੇੜੇ ਲਿਆਉਣ ਤੇ ਵਿਸ਼ਵ ਸ਼ਾਂਤੀ ਦੀ ਸਥਾਪਨਾ ਵਿੱਚ ਫੁੱਟਬਾਲ ਕਾਫੀ ਵੱਡਾ ਰੋਲ ਅਦਾ ਕਰ ਸਕਦੀ ਹੈ। ਯੂਨੈਸਕੋ ਦੇ ਸਦਭਾਵਨਾ ਰਾਜਦੂਤ ਤੇ ਮਹਾਨ ਫੁੱਟਬਾਲ ਖਿਡਾਰੀ ਪੇਲੇ ਦਾ ਮੰਨਣਾ ਹੈ ਕਿ ਫੁੱਟਬਾਲ ਇੱਕੋ-ਇੱਕ ਅਜਿਹੀ ਖੇਡ ਹੈ ਜੋ ਸਭ ਨੂੰ ਇਕੱਠੇ ਕਰਦੀ ਹੈ, ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਤੁਸੀਂ ਅਮੀਰ ਹੋ, ਗਰੀਬ ਹੋ, ਗੋਰੇ ਹੋ ਜਾਂ ਕਾਲੇ ਹੋ। ਇਹ ਹੀ ਫੁੱਟਬਾਲ ਦੀ ਸੁੰਦਰਤਾ ਹੈ।



ਲਿਖਤ:
ਹਰਜੀਤ ਸਿੰਘ ਜੋਗਾ
ਡੀ.ਪੀ.ਈ. ਸਰਕਾਰੀ ਹਾਈ ਸਕੂਲ, ਬਦਰਾ (ਬਰਨਾਲਾ)
ਮੋਬ- 9417830981